
# ਦਰਪਨ ਤੇ ਦਰਸ਼ਨ

**ਕਾਵਿ–ਸੰਗ੍ਰਹਿ–2021**



**ਰਵਿੰਦਰ ਰਵੀ**

## ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਂਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਫੇਸਬੁੱਕ ਕਵਿਤਾ, ਮੈਂ-ਕਾਲ: ਤ੍ਰੈਕਾਲ, ਪਾਰ ਗਾਥਾ, ਦਰਪਨ ਤੇ ਦਰਸ਼ਨ

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003- 2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਯੂਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : 'ਭਰਮ-ਜਲ' ਅਤੇ 'ਸਿਆਸੀ ਦੰਦ-ਕਥਾ')

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ-ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990-2005), ਮੇਰੇ ਕਾਵਿ-ਨਾਟਕ-4 (2008-2010)

**ਤ੍ਰੈਲੜੀ ਨਾਟਕ** : ਸੂਰਜ ਨਾਟਕ (1974-1983)

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ, ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ-ਪਾਠ ਅਤੇ ਰੰਗਮੰਚਕੀ ਵੇਰਵੇ (2019), ਚੌਕ ਨਾਟਕ ਤੇ ਸਿਫਰ ਨਾਟਕ : ਮੂਲ ਪਾਠ ਤੇ ਰੰਗਮੰਚਕੀ ਵੇਰਵੇ (2020)

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ** : ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸ੍ਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ-ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ, ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2 Wind Song (Poetry), Wind Song-2 (Poetry)

**ਅੰਗਰੇਜ਼ੀ** : Restless Soul (Poetry), Cosmic Symphony (Short Stories)

**ਹੋਰਨਾਂ ਨਾਲ ਸਾਂਝੀਆਂ** : The Rebel Sound (Poetry)
The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

**ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)**

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਵਗਦੇ ਦਰਿਆ (1967-2010)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ (2005)

# ਦਰਪਨ ਤੇ ਦਰਸ਼ਨ

## ਕਾਵਿ-ਸੰਗ੍ਰਹਿ-2021

ਰਵਿੰਦਰ ਰਵੀ

ਨੈ.ਬੁ.ਸ਼.
ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006

**DARPAN TE DARSHAN — ਦਰਪਨ ਤੇ ਦਰਸ਼ਨ**
Mirror and Reflection
A collection of Poetry - 2021

Written by Ravinder Ravi (R.S. Gill)

© Ravinder Ravi (R. S. GILL)
116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **ravinderravi37@gmail.com**
My Website/Blog : **www.ravinder-ravi.com**

Typesetting : Kuldeep Singh (India) (M. 9811544085)

ਟਾਈਪਸੈਟਿੰਗ : ਕੁਲਦੀਪ ਸਿੰਘ (ਭਾਰਤ) (ਮੋ. 9811544085)

First Edition : 2021

ISBN 978-81-7116-749-4

**PRICE : Rs. 395.00**

*Published by :*
**NATIONAL BOOK SHOP**
Pleasure Garden Market, Near Gauri Shankar Mandir,
Chandni Chowk, Delhi-110006
Ph. : 011-45555610, 9891996919, 9811337763
Email:nbs.bookstore@gmail.com

*Printer :*
**B.K. OFFSET,** Delhi-110032

ਅਜੋਕੇ ਨਵੇਂ ਪੋਚ ਦੇ ਆਲੋਚਕਾਂ :

**ਡਾ. ਸਾਹਿਬ ਸਿੰਘ**

**ਡਾ. ਚੰਦਰ ਮੋਹਨ**

ਤੇ

**ਅਰਵਿੰਦਰ ਕੌਰ ਕਾਕੜਾ**

ਦੇ ਨਾਂ

# ਤਰਤੀਬ

ਰਵਿੰਦਰ ਰਵੀ ਦਾ ਜੀਵਨ ਬਿਓਰਾ 11
'ਦਰਪਨ ਤੇ ਦਰਸ਼ਨ': ਆਰੰਭਕ ਸ਼ਬਦ ਰਵਿੰਦਰ ਰਵੀ 17

## ਕਵਿਤਾਵਾਂ

1. ਮੇਰੀ ਕਲਮ ਦਵਾਤ 23
2. ਨਵੇਂ ਖੂਹ, ਨਵੇਂ ਪਾਣੀ: 'ਹੁਣਵਾਦ' 25
3. ਸ਼ਬਦਾਂ ਦੀ ਹੇਰਾ ਫੇਰੀ ਤੇ ਸੁਕਰਾਤ 26
4. ਕਿੱਸਾ ਬੀਜ ਤੇ ਬੇ-ਬੀਜ ਦਾ 28
5. ਇਸ਼ਕ ਦੀਆਂ ਕਥਾ ਕਹਾਣੀਆਂ 30
6. ਹੁਣ-ਬਾਣੀ 31
7. ਇਕ ਗੁੰਗੀ ਕੁੜੀ ਦਾ ਕਾਵਿ-ਚਿਤਰ 33
8. ਤ੍ਰੇਲ ਦੇ ਤੁਪਕੇ 35
9. ਸੌਲੀਟੇਅਰ 37
10. ਸਦਾ-ਬਹਾਰ ਇਸ਼ਕ 39
11. ਇਸ਼ਕ ਹੀ ਸਾਡੀ ਜ਼ਾਤ 41
12. ਇਕ ਅਸਮਾਨ ਮੇਰਾ ਵੀ 43
13. ਅੱਥਰੇ ਘੋੜੇ ਦੀ 'ਐਂਡ-ਗੇਮ' 45
14. ਅੰਤਿਮ ਸ਼ਬਦ 47
15. ਗ਼ਾਇਬ ਹੋ ਰਹੇ ਵਜੂਦ 49
16. ਦੋਮੇਲ ਪਿਛਲਾ ਸੱਚ 51
17. ਪੰਜ-ਫਾੜ ਚੇਤਨਾ 53
18. ਇਕ ਆਧੁਨਿਕ ਪ੍ਰੇਮੀ ਦਾ ਆਤਮ-ਕਥਨ 56
19. ਸਰੀਅਲਿਜ਼ਮ ਵਿੱਚ ਘਿਰੇ ਵਜੂਦ 57
20. ਤੁਰਦੇ ਫਿਰਦੇ ਕੰਪਿਊਟਰ 58
21. ਕਰਤਾਰ ਪੁਰ ਦਾ ਲਾਂਘਾ : ਕੁਝ ਪ੍ਰਭਾਵ 60
22. ਮੇਰਾ ਪਿੰਜਰਾ 61
23. ਇਕ-ਮੁਖੀ 63
24. ਲਗਾਤਾਰ ਖੁਰ ਰਹੇ: ਬੇ-ਵਜੂਦ 64
25. ਸੱਚ ਪੰਖ ਕਰ ਉੱਡ ਰਿਹਾ 65
26. ਦਰਪਨ ਤੇ ਮਖੌਟਾ ਸੱਭਿਆਚਾਰ 66
27. ਮੌਸਮ ਤੇ ਉਡਾਣ 67
28. ਪ੍ਰੀਤ-ਕਥਾਵਾਂ : ਮਨ-ਗੁੰਝਲਾਂ 68
29. ਰਿਸ਼ਤੇ : ਬਦਲਦੇ ਸੰਦਰਭ 69
30. ਇਕ ਬਹੁ-ਵਿਧ ਮਹਾਂ ਗ੍ਰੰਥ 71
31. ਅਸਥਿਰ ਮਨੋਸਥਿਤੀ : ਐਬਸਰਡ ਦ੍ਰਿਸ਼ਟੀ 73
32. ਮਹਿਬੂਬ ਦਾ ਚਿਹਰਾ 75
33. ਮੁਹੱਬਤ, ਸਾਈਕਲ ਤੇ ਸਟੇਅਰਿੰਗ 76
34. ਆਧੁਨਿਕ ਆਸ਼ਿਕ : ਦਿਲ ਦਾ ਨੈੱਟਵਰਕ 77
35. ਮੁਹੱਬਤ : ਆਦਿਕਾਲੀ ਦਾਸਤਾਨ 78
36. ਵਰਚੁਅਲ ਮੁਹੱਬਤ 80

37. ਇਕ ਐਬਸਰਡ ਨਾਟਕ ਦੀ ਸਦੀਵੀ ਕਥਾ 82
38. ਸੇਵਾ-ਫਲ 84
39. ਅਪਰਿਭਾਸ਼ਤ ਖਲਾਅ 85
40. ਸਮਾਂ ਤੇ ਸੋਚ 87
41. ਯਥਾਰਥ ਤੇ ਫੈਂਟਸੀ : ਦੋ ਪ੍ਰਭਾਵ 89
42. ਮੁਹੱਬਤ : ਚੋਣ ਤੇ ਚੁਣੌਤੀ 91
43. ਸੁਫਨਿਆਂ ਨਾਲੋਂ ਟੁੱਟੇ ਵਜੂਦ : ਇਕ ਐਬਸਰਡ ਹਕੀਕਤ 93
44. ਸ਼ੋਰ ਤੇ ਕਾਫਲਾ 94
45. ਚੱਲਦੀਆਂ ਸੂਈਆਂ ਵਿੱਚ ਖੜ੍ਹਾ ਸਮਾਂ 95
46. ਪਾਗ਼ਲ 96
47. ਆਮ ਆਦਮੀ ਤੇ ਸਮਾਂ 97
48. ਯਥਾਰਥ ਤੇ ਫੈਂਟਸੀ : ਦੋ ਪ੍ਰਭਾਵ 99
49. ਨਜ਼ਰ ਕੁ ਭਰ ਦਾ ਸਾਥ 101
50. ਨਾ ਮੈਂ ਬੁੱਲ੍ਹਾ, ਨਾ ਮੈਂ ਬੁੱਧ 103
51. ਕਾਵਿਨਾਟਕਾਰ 105
52. ਬੇਨਾਮ ਪੈਗ਼ੰਬਰ 106
53. ਰਿਸ਼ਤਿਆਂ ਦੀ ਮੰਡੀ 107
54. ਫਰਜ਼ੀ ਵਿਅਕਤੀ 108
55. ਫੇਸਬੁੱਕ ਟਿਪਣੀਆਂ 109
56. ਮੁਰਗ਼ੇ ਵਿੱਚ ਬੋਤਲ : ਇਕ ਸਾਹਿਤਕ ਰੀਵੀਊਕਾਰ ਦੀ ਆਤਮ-ਕਥਾ 112
57. ਕਵਿਤਾ-ਪਾਠ 115
58. ਮੁਹੱਬਤ : ਇਕ ਨਜ਼ਰੀਆ 117
59. ਰੌਸ਼ਨੀ : ਇਕ ਨਜ਼ਰੀਆ 118


## ਕੋਰੋਨਾ-ਕਾਲ ਤੇ ਕਿਸਾਨ ਅੰਦੋਲਨ ਬਾਰੇ ਕਵਿਤਾਵਾਵਾਂ

### *ਕੋਰੋਨਾ-ਕਾਲ ਦੀਆਂ ਕਵਿਤਾਵਾਂ*


1. ਕੋਰੋਨਾ ਵਾਇਰਸ ਦੀ ਪ੍ਰਭੂ-ਸੱਤਾ 121
2. ਜ਼ਿੰਦਗੀ ਤੇ ਇਕ ਦਾ ਗੀਤ 122
3. ਕੋਰੋਨਾ ਨਾਟਕ : 7 ਪ੍ਰਭਾਵ-ਸਕੇਪ 125
4. ਕੋਰੋਨਾ ਵਾਇਰਸ ਬਨਾਮ ਤਰਕ 127
5. ਕੋਰੋਨਾ-ਕਾਲ ਵਿੱਚ ਜ਼ਿੰਦਗੀ ਦੀ ਵਾਪਸੀ 128
6. ਕੋਰੋਨਾ-ਕਾਲ ਦੀ ਅਦੁਭੁਤ ਸਵੇਰ 129
7. ਨਵਾਂ ਸਾਲ??? 131


### *ਕਿਸਾਨ ਅੰਦੋਲਨ ਬਾਰੇ ਕਵਿਤਾਵਾਂ*


8. ਘਰ ਘਰ ਸੂਰਜ ਚੜ੍ਹੇਗਾ 132
9. ਰਾਜ-ਸੱਤਾ ਤੇ ਲੰਕਾ 134
10. 2020 ਦਾ ਭਾਰਤੀ ਕਿਸਾਨ ਅੰਦੋਲਨ 136
11. ਭਾਰਤ ਦਾ ਕਿਰਸਾਣ-ਅੰਦੋਲਨ : 2020 138
12. ਭਾਰਤੀ ਰਾਜ-ਸੱਤਾ ਦੇ ਨਾਂ ਇਕ ਟਵੀਟ 139
13. ਦਿੱਲੀ ਦਾ ਦੇਸੀ ਨੀਰੋ 140
14. ਅੱਜ ਦੇ ਲਘੂ ਚਾਣਕਯ ਤੇ ਦੇਸੀ ਅੰਗਰੇਜ਼ 142
15. ਕੱਚ ਦੀ ਲੰਕਾ 144




## ਅੰਤਿਕਾ


ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 147

ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 150

ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 152

ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 154

ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ, ਉਸ ਦੇ ਵੈਬਸਾਈਟ ਉੱਤੇ: www.ravinder-ravi.com 155

ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 156

ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐਚ.ਡੀ. ਪੱਧਰ ਦਾ ਖੋਜ-ਕਾਰਜ 159

ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ.ਫਿਲ. ਤੇ ਐਮ.ਏ. ਪੱਧਰ ਦਾ ਖੋਜ-ਕਾਰਜ 161

ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 163

ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 166

'ਇਆਪਾ'(I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 168


## ਰਵਿੰਦਰ ਰਵੀ ਆਲੋਚਕਾਂ ਦੀ ਨਜ਼ਰ ਵਿੱਚ


"ਬੀਮਾਰ ਸਦੀ" ਦੀ ਮਰਜ਼ ਪਛਾਨਣ ਵਾਲਾ ਰਵਿੰਦਰ ਰਵੀ — ਡਾ. ਸਾਹਿਬ ਸਿੰਘ 173

ਪੰਜਾਬੀ ਭਾਸ਼ਾ ਦਾ ਵਿਦੇਸ਼ਾਂ ਵਿੱਚ ਪਰਚਮ ਲਹਿਰਾਉਣ ਵਾਲਾ ਸਾਹਿਤਕਾਰ ਰਵਿੰਦਰ ਰਵੀ — ਉਜਾਗਰ ਸਿੰਘ 177


## ਪੁਸਤਕ ਦਰਸ਼ਨ


"ਪਾਰ ਗਾਥਾ: ਨਿਵੇਕਲੇ ਕਾਵਿ-ਸ਼ਾਸਤਰ ਦੀ ਉਸਾਰੀ — ਡਾ. ਚੰਦਰ ਮੋਹਨ 184

"ਪਾਰ ਗਾਥਾ: ਜ਼ਿੰਦਗੀ ਦੇ ਅਸੀਮ ਅਨੁਭਵਾਂ ਦਾ ਚਿਤਰਨ — ਅਰਵਿੰਦਰ ਕੌਰ ਕਾਕੜਾ 190

"ਪਾਰ ਗਾਥਾ": "ਹੁਣਵਾਦ" ਦੇ ਫਲਸਫੇ ਦੀ ਨਿਸ਼ਾਨਦੇਹੀ — ਸੰਧੂ ਵਰਿਆਣਵੀ 194

"ਪਾਰ ਗਾਥਾ: ਇਕ ਅਧਿਅਨ — ਹਰਸ਼ਰਨ ਕੌਰ 196

"ਮੇਰੇ ਕਾਵਿਨਾਟਕ-5" ਰੀਵੀਊ — ਡਾ. ਅਮਰਜੀਤ ਕੌਂਕੇ 207

# ਰਵਿੰਦਰ ਰਵੀ ਦਾ ਜੀਵਨ ਬਿਓਰਾ

ਜਨਮ : ਮਾਰਚ 8, 1937, ਸਿਆਲਕੋਟ (ਪਾਕਿਸਤਾਨ)
ਜਨਮ-ਮਿਤੀ : ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ
ਪਿਤਾ : ਪ੍ਰੋ. ਪਿਆਰਾ ਸਿੰਘ ਗਿੱਲ
ਮਾਤਾ : ਚਰਨਜੀਤ ਕੌਰ
ਪਤਨੀ : ਕਸ਼ਮੀਰ ਕੌਰ
ਪੁੱਤਰ : ਅੰਮ੍ਰਿਤਪਾਲ ਅਤੇ ਸਹਿਜਪਾਲ
ਨੂੰਹਾਂ : ਪਲਬਿੰਦਰ ਤੇ ਮਨਵੀਨ
ਪੋਤਰੀਆਂ : ਮਨਪ੍ਰੀਯਾ ਤੇ ਮੋਹਨਾਮ
ਪੋਤਰੇ : ਈਮਾਨ, ਕੁਰਬਾਨ ਤੇ ਸਾਗਰ
ਵਿੱਦਿਆ : ਐਮ.ਏ., ਬੀ.ਏ. (ਆਨਰਜ਼), ਬੀ. ਟੀ.
ਜੱਦੀ ਪਿੰਡ : ਜਗਤਪੁਰ (ਨਵਾਂ ਸ਼ਹਿਰ)

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ 'ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਸ ਦੇ ਪਿਤਾ ਪ੍ਰੋਫੈਸਰ ਪਿਆਰਾ ਸਿੰਘ ਗਿੱਲ, ਇਸ ਕਾਲਜ ਵਿਚ ਪੰਜਾਬੀ ਦੇ

ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. 'ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ. ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ।

ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ 'ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (.ਚਅਵਜਅਪ) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗਰੇਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ 'ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ 'ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ 'ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ। ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ



ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ "ਅੱਧੀ ਰਾਤ ਦੁਪਹਿਰ" (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਈਸ਼ਵਰ ਚੰਦਰ ਨੰਦਾ ਪੁਰਸਕਾਰ' ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ (ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ. ਐਸ. ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਨੇ "ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ" ਨਾਲ, "ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ" ਨੇ "ਤਮਗ਼ਾ-ਏ-ਹੁਸਨ-ਏ-ਕਾਰਕਰਦਗੀ" ਨਾਲ, "ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ" ਨੇ "ਗੋਲਡ ਮੈਡਲ" ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ "ਸ਼ਾਲ" ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਯਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ। 2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਣਾ ਕੀਤੀ ਤਾਂ "ਯੂਨੀਵਰਸਿਟੀ ਆਫ਼

ਬ੍ਰਿਟਿਸ਼ ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਆਰਸੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈ—ਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. (ਪੰਜਾਬੀ) ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ।

ਡਾ. ਰਵਿੰਦਰ ਕੌਰ ਬੇਦੀ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ, ਜੋ ਪੁਸਤਕ ਰੂਪ ਵਿਚ 2014 ਵਿਚ ਛਪੀ। ਡਾ. ਕਿਰਨਦੀਪ ਕੌਰ ਨੇ "ਰਵਿੰਦਰ ਰਵੀ ਦਾ ਰਚਨਾ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ", ਵਿਸ਼ੇ ਉੱਤੇ ਆਪਣਾ ਖੋਜ-ਕਾਰਜ, 2013 ਵਿਚ ਸੰਪੂਰਨ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਇਹ ਖੋਜ-ਕਾਰਜ ਪੁਸਤਕ-ਰੂਪ ਵਿਚ ਵੀ ਛਪ ਚੁੱਕਾ ਹੈ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 16 ਕਾਵਿ-ਨਾਟਕ ਲਿਖੇ ਹਨ ਅਤੇ 16 ਦੇ 16 ਹੀ 1976 ਤੋਂ 2018 ਤਕ ਦੇ 42 ਸਾਲਾਂ ਵਿਚ ਭਾਰਤ ਦੇ ਨਾਮਵਰ ਰੰਗਕਰਮੀਆਂ ਵੱਲੋਂ ਖੇਡੇ ਜਾ ਚੁੱਕੇ ਹਨ।

2015 ਵਿਚ CIPSA (Canadian International Punjabi Sahit Academy - Brampton, ONT, Canada) ਨੇ ਰਵਿੰਦਰ ਰਵੀ ਨੂੰ "ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ" ਨਾਲ ਸਨਮਾਨਤ ਕੀਤਾ। ਇਹ ਪੁਰਸਕਾਰ ਉਸ ਨੂੰ ਕਾਵਿ-ਨਾਟਕ ਅਤੇ ਥੀਏਟਰ ਦੇ ਖੇਤਰ ਵਿਚ ਪਾਏ ਇਤਿਹਾਸਕ ਯੋਗਦਾਨ ਲਈ ਦਿੱਤਾ ਗਿਆ।



# 'ਦਰਪਨ ਤੇ ਦਰਸ਼ਨ' : ਆਰੰਭਕ ਸ਼ਬਦ

ਰਵਿੰਦਰ ਰਵੀ



# ਦਰਪਨ ਤੇ ਦਰਸ਼ਨ : ਆਰੰਭਕ ਸ਼ਬਦ



"ਦਰਪਨ ਤੇ ਦਰਸ਼ਨ", 2021 ਵਿੱਚ ਪ੍ਰਕਾਸ਼ਤ ਹੋ ਰਿਹਾ ਮੇਰਾ 25ਵਾਂ ਕਾਵਿ-ਸੰਗ੍ਰਹਿ ਹੈ। ਮੈਂ 1955 ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ ਤੇ 1961 ਵਿੱਚ ਮੇਰਾ ਪਹਿਲਾ ਕਾਵਿ-ਸੰਗ੍ਰਹਿ "ਦਿਲ ਦਰਿਆ ਸਮੁੰਦਰੋਂ ਡੂੰਘੇ" ਪ੍ਰਕਾਸ਼ਤ ਹੋਇਆ। ਏਨੇ ਵਰ੍ਹੇ, ਮੇਰੇ ਨਾਲ, ਨਾਲ ਚੱਲਦਿਆਂ, ਆਧੁਨਿਕ ਪੰਜਾਬੀ ਕਵੀਆਂ ਦੀਆਂ 4-5 ਪੀੜ੍ਹੀਆਂ ਬੀਤ ਚੁੱਕੀਆਂ ਹਨ, ਪਰ ਮੈਂ ਅਜੇ ਵੀ, ਆਪਣੀ ਪ੍ਰਯੋਗਸ਼ੀਲ ਚੇਤਨਾ ਤੇ ਵਿਲੱਖਣ ਅੰਦਾਜ਼ ਨਾਲ, ਅਜੋਕੀ ਸਮਕਾਲੀ ਪੀੜ੍ਹੀ ਦੇ ਨਾਲ, ਸਰਗਰਮ ਰੂਪ ਵਿੱਚ, ਕਾਰਜਸ਼ੀਲ ਹਾਂ।

ਦਰਪਨ ਦੇ ਮੁਹਰੇ ਅਸੀਂ ਜੁ ਕੁਝ ਰੱਖ ਦੇਈਏ, ਉਸਦੇ ਦਰਸ਼ਨ ਹੀ ਉਹ ਸਾਨੂੰ ਕਰਵਾਉਂਦਾ ਹੈ। ਸਾਹਿਤ ਵੀ ਜ਼ਿੰਦਗੀ ਦਾ ਦਰਪਨ ਹੀ ਹੈ। ਦਰਸ਼ਨ, ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਨ, ਅਸਲ ਤੇ ਅਕਸ ਦੀ ਅੰਤਰਕਿਰਿਆ ਨੂੰ ਸਮਝਣ ਵਿੱਚ, ਸਾਡੇ ਸਹਾਈ ਹੁੰਦੇ ਹਨ।

ਇਨ੍ਹਾਂ ਵਰ੍ਹਿਆਂ ਵਿੱਚ, ਇਸ ਦਰਪਨ ਮੁਹਰਿਓਂ ਘਟਨਾਵਾਂ ਦਾ ਸਿਲਸਿਲਾ ਬੜੀ ਤੇਜ਼ੀ ਨਾਲ ਲੰਘਿਆ ਹੈ। ਇਕ ਪਾਸੇ ਜੇ ਕੋਰੋਨਾ ਜਾਂ ਕੋਵਿਡ-19 ਕਾਲ ਦੀ ਮਹਾਂਮਾਰੀ ਹੈ, ਤਾਂ ਦੂਜੇ ਪਾਸੇ ਭਾਰਤੀ ਕਿਸਾਨ ਅੰਦੋਲਨ। ਇਨ੍ਹਾਂ ਦੇ ਨਾਲ ਹੀ ਸਮਕਾਲੀ ਜ਼ਿੰਦਗੀ ਨਾਲ ਜੁੜੇ ਅਸਤਿੱਤਵੀ, ਸਮਾਜਕ, ਵਿਅਕਤੀਗਤ, ਮਨੋਵਿਗਿਆਨਕ, ਆਰਥਕ, ਸਿਆਸੀ ਤੇ ਹੋਰ ਦਾਰਸ਼ਨਿਕ ਸਰੋਕਾਰ ਵੀ ਹਨ, ਜਿਨ੍ਹਾਂ ਦੀ ਕੁਠਾਲੀ ਵਿੱਚ ਢਲ ਕੇ ਹੀ, ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੀ ਨੁਹਾਰ ਉੱਘੜ ਕੇ ਸਾਡੇ ਸਾਮ੍ਹਣੇ ਆਈ ਹੈ। ਮਖੌਟਾ ਕਲਚਰ, ਬੇਗਾਨਗੀ, ਅਜਨਬੀਪਨ, ਮਾਨਸਕ ਟੁੱਟ ਭੱਜ, ਉਦਾਸੀਨਤਾ, ਦੁਫਾੜ ਵਿਅਕਤਿਤਵ, ਮ੍ਰਿਤਯੂ-ਬੋਧ,

ਜੀਵਨ-ਦਰਸ਼ਨ ਤੇ ਐਸੇ ਹੀ ਹੋਰ ਸਰੋਕਾਰ ਹਨ, ਜੁ ਇਸ ਜੀਵਨ ਦਾ ਅਟੁੱਟ ਅੰਗ ਹੋਣ ਦੇ ਨਾਤੇ, ਏਸ ਦਰਪਨ ਵਿੱਚ ਨਜ਼ਰ ਆਉਣਗੇ।

ਕੰਪਿਊਟਰ ਕਲਚਰ ਦੇ ਇਸ ਯੁੱਗ ਵਿੱਚ, ਨਵੀਂ ਤੇ ਪੁਰਾਣੀ ਪੀੜ੍ਹੀ ਦਾ ਪਾੜਾ ਜਾਂ ਅੰਤਰ, ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਇਹ ਪਾੜਾ, ਸੋਚ, ਦ੍ਰਿਸ਼ਟੀ, ਵਿਹਾਰ ਤੇ ਕਲਚਰ ਵਿੱਚ ਹੀ ਨਹੀਂ, ਸਗੋਂ ਬੋਲ ਚਾਲ ਦੀ ਬੋਲੀ ਵਿੱਚ ਵੀ ਵੇਖਿਆ ਜਾ ਸਕਦਾ ਹੈ। ਨਵੀਆਂ ਪੀੜ੍ਹੀਆਂ, ਪੁਰਾਤਨ ਤੇ ਨਾ ਵਰਤੇ ਜਾਂਦੇ ਸ਼ਬਦਾਂ ਦਾ ਤਿਆਗ ਕਰਕੇ, ਹੋਰ ਬੋਲੀਆਂ ਤੋਂ ਨਵੇਂ ਸ਼ਬਦ ਅਪਨਾ ਤੇ ਜਾਂ ਲੋੜ ਅਨੁਸਾਰ, ਨਵੇਂ ਸ਼ਬਦ ਬਣਾ ਰਹੀਆਂ ਹਨ। ਇਕ ਘਰ ਦੀ ਇਕ ਛੱਤ ਹੇਠ ਬੈਠੇ ਹੀ ਅਸੀਂ ਬੋਲੀ ਤੇ ਕਲਚਰ ਦੀ ਵਿਵਿਧਤਾ ਨੂੰ ਵੇਖ, ਸੁਣ ਤੇ ਮਹਿਸੂਸ ਕਰ ਸਕਦੇ ਹਾਂ। ਹਰ ਘਰ ਦਾ ਮਾਹੌਲ ਹੀ ਜਿਵੇਂ ਬਹੁ-ਭਾਸ਼ਕ ਤੇ ਬਹੁ-ਸੱਭਿਆਚਾਰਕ ਬਣਦਾ ਜਾ ਰਿਹਾ ਹੈ। ਤੇਜ਼ੀ ਨਾਲ ਆ ਰਹੇ ਇਨ੍ਹਾਂ ਪਰਿਵਰਤਨਾਂ ਦੇ ਅਕਸ ਤੁਸੀਂ ਮੇਰੀ ਕਵਿਤਾ ਵਿੱਚ ਵੀ ਵੇਖ ਸਕਦੇ ਹੋ।

ਦਰਪਨ ਤੇ ਦਰਸ਼ਨ ਦਾ ਚੋਲੀ ਦਾਮਨ ਦਾ ਰਿਸ਼ਤਾ ਹੈ। ਜੀਵਨ ਦੀਆਂ ਕਈ ਵਿਸੰਗਤੀਆਂ, ਦ੍ਰਿਸ਼ਟੀਆਂ ਤੇ ਅੰਤਰ-ਦ੍ਰਿਸ਼ਟੀਆਂ ਇਸ ਅੰਦਰ ਪ੍ਰਕਾਸ਼ਮਾਨ ਹੁੰਦੀਆਂ ਹਨ। ਇਹ ਇਕ ਤੋਂ ਅਨੇਕ ਅਤੇ ਮਾਨਵ ਤੋਂ ਸੰਸਾਰ ਤਕ ਦੀ ਯਾਤਰਾ ਹਨ। ਕੋਰੋਨਾ ਦੀ ਮਹਾਂਮਾਰੀ ਕਿਸੇ ਇਕ ਦੇਸ਼ ਦੀ ਨਾ ਰਹਿਕੇ, ਕੁਲ ਵਿਸ਼ਵ ਦੀ ਸਮੱਸਿਆ ਬਣ ਗਈ ਹੈ। ਖੇਤਰੀ, ਰਾਸ਼ਟਰੀ ਤੇ ਅੰਤਰਰਾਸ਼ਟਰੀ ਲੌਕ ਡਾਊਨ ਤੇ ਸ਼ੱਟ ਡਾਊਨ ਹੋ ਰਹੇ ਹਨ। ਸਿਧਾਂਤਾਂ ਤੇ ਵਿਚਾਰਧਾਰਾਵਾਂ ਦੇ ਵੱਖਰੇਵੇਂ ਦੇ ਬਾਵਜੂਦ ਵੀ, ਸਭ ਦੇਸ਼ ਇਕ ਦੂਜੇ ਨੂੰ ਸਹਿਯੋਗ ਦੇ ਰਹੇ ਹਨ। ਵੈਕਸੀਨ ਕਿਸੇ ਹੋਰ ਦੇਸ਼ ਵਿੱਚ ਬਣ ਰਿਹਾ ਹੈ, ਤੇ ਟੀਕਾ ਕਿਸੇ ਹੋਰ ਦੇਸ਼ ਵਿੱਚ ਲੱਗ ਰਿਹਾ ਹੈ। ਅੰਤਰ-ਰਾਸ਼ਟਰੀ ਸਮੱਸਿਆ ਨੂੰ, ਅੰਤਰ-ਰਾਸ਼ਟਰੀ ਪੱਧਰ ਉੱਤੇ ਹੀ ਨਜਿੱਠਿਆ ਜਾ ਸਕਦਾ ਹੈ।

ਭਾਰਤ ਦਾ ਕਿਸਾਨ ਅੰਦੋਲਨ ਖੇਤਰੀ ਸਮੱਸਿਆ ਤੋਂ, ਹੌਲੀ ਹੌਲੀ, ਰਾਸ਼ਟਰੀ ਸਮੱਸਿਆ ਬਣ ਰਿਹਾ ਹੈ। ਵਿਸ਼ਵ ਦੇ ਹੋਰ ਦੇਸ਼ਾਂ ਵਿੱਚ ਵੀ ਕਿਸਾਨਾਂ ਦੇ ਹੱਕ ਵਿੱਚ ਪਰੋਟੈਸਟ ਤੇ ਰੋਸ ਮਾਰਚ ਕੀਤੇ ਜਾ ਰਹੇ ਹਨ। ਸਭ ਜਾਣੂੰ ਹਨ ਕਿ ਦੇਸ਼ਾਂ ਦੀਆਂ ਸਰਕਾਰਾਂ, ਕਾਨੂੰਨ, ਵਧੇਰੇ ਕਰਕੇ, ਆਪਣੀ ਸੁਆਰਥ-ਸਿੱਧੀ ਲਈ ਹੀ ਬਣਾਉਂਦੀਆਂ ਹਨ। ਲੌਬੀਇਸਟ, ਦਲਾਲ, ਨੈਸ਼ਨਲ ਤੇ ਮਲਟੀ-ਨੈਸ਼ਨਲ ਕਾਰਪਰੇਸ਼ਨਾਂ, ਆਪਣੇ ਹਿੱਤਾਂ ਦੀ ਪੂਰਤੀ ਲਈ, ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਨੇਤਾਵਾਂ ਨੂੰ ਚੜ੍ਹਾਵੇ ਚੜ੍ਹਾਉਂਦੀਆਂ ਹਨ। ਸਿਆਸੀ ਪਾਰਟੀਆਂ ਵੀ ਇਕ ਪਾਰਟੀ ਤਾਨਾਸ਼ਾਹੀ ਬਣਦੀਆਂ ਜਾ ਰਹੀਆਂ ਹਨ। ਇਨ੍ਹਾਂ ਦੇ ਏਜੰਡੇ ਵਿੱਚੋਂ ਲੋਕਤੰਤਰਿਕ ਰੁਝਾਣ, ਹੌਲੀ ਹੌਲੀ, ਖਤਮ ਹੋ ਰਹੇ ਹਨ। ਬਹੁਤੀ ਵਾਰ ਇਹ ਕਿਸੇ ਇਕ ਪਾਰਟੀ ਦੇ ਇਕ ਨੇਤਾ ਦੀ ਤਾਨਾਸ਼ਾਹੀ ਦਾ ਰੂਪ ਧਾਰਨ ਕਰ ਲੈਂਦੀਆਂ



ਹਨ। ਭਾਰਤ ਵਿੱਚ ਵੀ ਇਵੇਂ ਹੀ ਹੋਇਆ ਹੈ। ਚਾਹੀਦਾ ਤਾਂ ਇਹ ਸੀ ਕਿ ਕੋਈ ਵੀ ਕਾਨੂੰਨ ਬਨਾਉਣ ਤੋਂ ਪਹਿਲਾਂ, ਉਸ ਤੋਂ ਪ੍ਰਭਾਵਤ ਹੋਣ ਵਾਲੇ ਲੋਕਾਂ ਜਾਂ ਜਨ-ਸਮੂਹ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ। ਉਨ੍ਹਾਂ ਦੇ ਸੁਝਾਅ ਲਏ ਜਾਂਦੇ । ਜੇ ਕਿਸੇ ਕਾਨੂੰਨ ਉੱਤੇ ਇਅਤਰਾਜ਼ ਹੋਵੇ, ਤਾਂ ਉਸਨੂੰ ਨੱਕ ਦਾ ਮਸਲ੍ਹਾ ਬਨਾਉਣ ਦੀ ਥਾਂ, ਸਲਾਹ ਮਸ਼ਵਰੇ ਦੁਆਰਾ, ਉਸਦਾ ਹੱਲ ਲੱਭਿਆ ਜਾਣਾ ਚਾਹੀਦਾ ਸੀ। ਸਖਤ ਤੇ ਤਰਕਸ਼ੀਲ ਵਿਰੋਧ ਦੇ ਸਮਾਧਾਨ ਲਈ, ਕਾਨੂੰਨ ਵਾਪਸ ਲੈ ਕੇ, ਲੋਕਾਂ ਦੀ ਸਲਾਹ ਨਾਲ, ਨਵੇਂ ਕਾਨੂੰਨ ਬਨਾਉਣ ਦੀ ਲੋੜ ਹੁੰਦੀ ਹੈ।

ਕਿਸਾਨ ਅੰਦੋਲਨ ਨੇ, ਰਾਜਸੀ ਪਾਰਟੀਆਂ ਦੇ ਚੁੰਗਲ ਵਿੱਚੋਂ ਬਾਹਰ ਨਿਕਲਕੇ, ਸੁਤੰਤਰ ਰੂਪ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਇਸ ਅੰਦੋਲਨ ਵਿੱਚ ਬੱਚੇ, ਬੁੱਢੇ, ਜਵਾਨ, ਤੀਵੀਆਂ ਤੇ ਆਦਮੀ ਸਭ ਸ਼ਾਮਿਲ ਹੋਏ ਹਨ। ਹਰ ਵਰਗ, ਹਰ ਧਰਮ, ਹਰ ਜਾਤੀ ਅਤੇ ਸੱਤਾਧਾਰੀ ਪਾਰਟੀ ਨੂੰ ਛੱਡਕੇ , ਬਾਕੀ ਸਭ ਸਿਆਸੀ ਪਾਰਟੀਆਂ ਨੇ, ਇਸ ਅੰਦੋਲਨ ਦਾ ਸਮਰਥਨ ਕੀਤਾ ਹੈ। ਕਿਸਾਨੀ ਨਾਲ ਜੁੜੇ ਕਿਰਤੀ, ਮਜ਼ਦੂਰ, ਆੜ੍ਹਤੀ, ਦੁਕਾਨਦਾਰ, ਅਧਿਆਪਕ, ਹੋਰ ਪੇਸ਼ਿਆਂ ਦੇ ਕਿੱਤਾਕਾਰ ਤੇ ਵਪਾਰੀ ਵੀ ਕਿਸਾਨਾਂ ਦੇ ਨਾਲ ਖੜ੍ਹੇ ਹਨ। ਇਸ ਤਰ੍ਹਾਂ ਇਹ ਸਹੀ ਅਰਥਾਂ ਵਿੱਚ ਪਰਵਾਰਾਂ ਜਾਂ ਸਮੁੱਚੇ ਜਨ-ਸਮੂਹ ਦਾ ਅੰਦੋਲਨ ਬਣ ਗਿਆ ਹੈ। ਪੰਜਾਬ ਤੋਂ ਤੁਰਿਆ ਹੱਕ ਸੱਚ ਦਾ ਇਹ ਸ਼ਾਂਤਮਈ ਤੇ ਗ਼ੈਰ-ਸਿਆਸੀ ਇਨਕਲਾਬੀ ਸੰਘਰਸ਼, ਸਮੁੱਚੇ ਭਾਰਤ ਵਿੱਚ ਫੈਲ ਰਿਹਾ ਹੈ।

ਆਪਣੇ ਆਪ ਵਿੱਚ ਇਹ ਇਕ ਬਹੁਤ ਵੱਡੀ ਤੇ ਇਤਿਹਾਸਕ ਪ੍ਰਾਪਤੀ ਹੈ। ਲੋੜ ਹੈ ਕਿ ਸਾਡੀ ਰਾਜਨੀਤੀ ਵਿੱਚੋਂ, ਸ਼ਾਸਕ ਤੇ ਸ਼ਾਸਤ ਦਾ ਅੰਤਰ ਜਾਂ ਫਾਸਲਾ ਘਟੇ ਅਤੇ ਲੋਕਤੰਤਰ ਸਹੀ ਅਰਥਾਂ ਵਿੱਚ ਰਾਜ-ਸੱਤਾ ਤੇ ਜਨਸਮੂਹ ਦੀ ਬਰਾਬਰ ਦੀ ਭਾਈਵਾਲੀ ਬਣੇ।

ਸਮਕਾਲ ਵਿੱਚ ਵਿਚਰਦਿਆਂ, ਦਰਪਨ ਵੀ ਤੁਹਾਡਾ ਆਪਣਾ ਹੈ ਤੇ ਦਰਸ਼ਨ ਵੀ।

ਇਸ ਪੁਸਤਕ ਦੇ ਦਰਪਨ ਰਾਹੀਂ, ਆਪਣੀ ਦ੍ਰਿਸ਼ਟੀ ਤੋਂ, ਸਮਕਾਲ ਦੇ ਇਹ ਦਰਸ਼ਨ, ਮੈਂ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ।

**ਰਵਿੰਦਰ ਰਵੀ**

Website/Blog:www.ravinder-ravi.com

# ਕਵਿਤਾਵਾਂ



# ਮੇਰੀ ਕਲਮ ਦਵਾਤ

ਆਪੇ ਹੀ ਮੈਂ ਕਾਗ਼ਜ਼ ਬਣਿਆਂ,
ਆਪੇ ਕਲਮ ਦਵਾਤ।
ਸੂਰਜ ਵਿੱਚੋਂ ਦਿਨ ਪਕੜਿਆ,
ਬੰਦ ਅੱਖਾਂ 'ਚੋਂ ਰਾਤ।

ਸ਼ਬਦਾਂ ਦੇ ਵਿੱਚ ਕਿਣ ਮਿਣ ਪਕੜੀ,
ਅਰਥਾਂ ਵਿੱਚ ਬਰਸਾਤ।
ਬੱਦਲਾਂ ਨੂੰ ਸੱਤਰੰਗੀਆਂ ਲਾਈਆਂ,
ਰੰਗ ਲਈ ਸਗਲ ਹਯਾਤ।

ਏਧਰ ਸੋਮਾਂ, ਓਧਰ ਸਾਗਰ,
ਵਿੱਚ ਵੱਗੇ ਦਰਿਆ।
ਦ੍ਰਿਸ਼ਟੀ ਤੇ ਦਰਸ਼ਨ ਦਾ ਕ੍ਰਿਸ਼ਮਾਂ,
ਇਹ ਸਾਰੀ ਕਾਇਨਾਤ।

'ਨ੍ਹੇਰੇ ਦੇ ਵਿੱਚ ਆਦਿ ਅਸਾਡਾ,
'ਨ੍ਹੇਰਾ ਮੌਤੋਂ ਪਾਰ।
'ਹੁਣ' ਦਾ ਛਿਣ ਹੀ ਲੱਟ ਲੱਟ ਮਚਦਾ,
ਲਾਟਾਂ ਦੀ ਬਰਸਾਤ !!!

'ਹੁਣ' ਵਿੱਚ ਬ੍ਰਹਮ ਤੇ ਬ੍ਰਹਮੰਡ ਦੋਵੇਂ,
'ਹੁਣ' ਵਿੱਚ 'ਸ਼ਬਦ' ਦਾ 'ਕਰਤਾ'।

ਅਰਥ, ਰੂਪ, ਗਿਆਨ ਤੇ ਚਿੰਤਨ,
ਮਾਨਵ 'ਹੁਣ' ਦੀ ਬਾਤ !

ਪੈੜਾਂ ਨੇ ਇਤਿਹਾਸ ਸਿਰਜਿਆ,
ਕਲਪਨਾਂ ਨੇ ਮਿਥਿਹਾਸ।
ਇਕ ਬਿੰਦੂ ਤੋਂ ਦਾਇਰਾ ਬਣਿਆਂ,
ਬਿੰਦੂ ਹੀ ਕਰਾਮਾਤ !!!

ਆਪੇ ਹੀ ਮੈਂ ਗੀਤ ਸਿਰਜਿਆ,
ਆਪੇ ਧੁਨੀ ਬਣਾਈ।
ਦਿਸਦਾ ਤੇ ਅਣਦਿਸਦਾ, ਸਭ ਕੁਝ,
ਆਪੇ ਦੀ ਹੀ ਬਾਤ।

ਰੌਸ਼ਨ ਆਪਾ, ਸਿੱਧ ਪੁੱਠ ਇਸ ਦੇ,
'ਨ੍ਹੇਰਾ ਤੇ ਰੁਸ਼ਨਾਈ।
ਇਸ਼ਕ ਹੁਸਨ ਦੇ ਕਿੱਸੇ ਸਿਰਜੇ,
ਮੇਰੀ ਕਲਮ ਦਵਾਤ !!!

## ਕਵਿਤਾ : 'ਮੇਰੀ ਕਲਮ ਦਵਾਤ' ਬਾਰੇ ਇਕ ਟਿਪਣੀ

ਪਤਾ ਨਹੀਂ ਕਿੱਥੋਂ ਕੀ ਕੀ ਲੈ ਕੇ ਇਸ ਪ੍ਰਗੀਤ ਨੂੰ ਹੋਂਦਵਾਨ ਕੀਤਾ ਗਿਆ। ਆਪਣੀਆਂ ਰਚਨਾਤਮਕ ਬਾਰੀਕੀਆਂ ਕਿੰਨੀ ਖ਼ੂਬਸੂਰਤੀ ਨਾਲ ਬਿਆਨ ਕਰ ਗਏ। ਕੁਝ ਬਿੰਬ ਜਿਵੇਂ ਬੰਦ ਅੱਖਾਂ 'ਚੋਂ ਰਾਤ ਲੈਣੀ, ਸ਼ਬਦਾਂ ਦੀ ਬੂੰਦਾਬਾਂਦੀ ਤੇ ਅਰਥਾਂ ਦੀ ਬਰਸਾਤ, 'ਪੈੜਾਂ ਨੇ ਇਤਿਹਾਸ ਤੇ ਕਲਪਨਾ ਨੇ ਮਿਥਿਹਾਸ ਸਿਰਜਿਆ', ਸਿਰਫ਼ ਤੁਸੀਂ ਹੀ ਸਿਰਜ ਸਕਦੇ ਹੋ। ਸਲਾਮ। ਖ਼ੂਬਸੂਰਤ ਪ੍ਰਗੀਤ।

–ਨਾਮਵਰ ਗ਼ਜ਼ਲਗੋ **ਜਸਪਾਲ ਘਈ**
'ਫੇਸਬੁੱਕ' ਉੱਤੇ 5 ਜਨਵਰੀ, 2021 ਨੂੰ, ਇਸ ਕਵਿਤਾ ਬਾਰੇ, ਪੋਸਟ ਕੀਤੀ ਗਈ ਇਕ ਟਿੱਪਣੀ।



## ਨਵੇਂ ਖੂਹ, ਨਵੇਂ ਪਾਣੀ : 'ਹੁਣਵਾਦ'

ਪੁਰਾਣੇ ਔਜ਼ਾਰ,
ਨਵੇਂ ਦਰਵਾਜ਼ੇ ਨਹੀਂ ਖੋਲ੍ਹਦੇ।
ਨਵੀਂ ਪੀੜ੍ਹੀ ਦੇ ਲੋਕ,
ਪੁਰਾਤਨ ਪੰਜਾਬੀ ਨਹੀਂ ਬੋਲਦੇ।

ਜ਼ਿੰਦਗੀ ਵਾਂਗ ਭਾਸ਼ਾ ਵੀ,
ਨਵੇਂ ਵਿਕਾਸ-ਮਾਰਗ ਅਪਣਾਉਂਦੀ ਹੈ।
ਪੁਰਾਣੇ ਉਛਾੜ ਲਾਹੁੰਦੀ,
ਨਵੇਂ ਕੱਪੜੇ ਪਾਉਂਦੀ ਹੈ।
ਨਵੇਂ ਅਨੁਭਵ ਕਰਦੀ,
ਨਵੇਂ ਗੀਤ ਗਾਉਂਦੀ ਹੈ।

ਠੁਮਰੀ, ਕੱਥਕ, ਵੇਦ, ਗ੍ਰੰਥ,
ਸ਼ਲੋਕ ਤੇ ਪੱਕੇ ਰਾਗ,
ਵਿਰਾਸਤ ਤੇ ਇਤਿਹਾਸ ਦੇ ਚਿੰਨ੍ਹ ਹਨ,
ਨਵੀਂ ਪੀੜ੍ਹੀ ਦਾ,
ਜਗਦਾ, ਮਘਦਾ, ਦਗਦਾ ਅਨੁਭਵ ਨਹੀਂ।

'ਹੁਣ' ਨੂੰ 'ਹੁਣ' ਬਣਕੇ ਜੀਣ ਦਿਓ।
ਆਪਣਾ ਖੂਹ ਆਪ ਪੁੱਟਣ,
ਆਪਣਾ ਪਾਣੀ ਆਪ ਪੀਣ ਦਿਓ !!!

# ਸ਼ਬਦਾਂ ਦੀ ਹੇਰਾ ਫੇਰੀ ਤੇ ਸੁਕਰਾਤ

ਆਪਣੇ ਨਾਲ ਹੀ ਗੱਲਾਂ ਕਰੀਏ,
ਆਪ ਸਿਖਾਈ, ਜਾਚ ਸਿੱਖ ਲਈ।
ਆਪਣੀ ਰਾਤ ਦਾ ਦਿਨ ਸਿੱਖਿਆ, ਤੇ
ਆਪਣੇ ਦਿਨ ਦੀ ਰਾਤ ਸਿੱਖ ਲਈ।

ਭਰ ਮੇਰੇ ਵਿੱਚ ਕੱਲੇ, ਕੱਲੇ,
ਤਾਰਿਆਂ ਦੀ ਹਰ ਬਾਤ ਸਿੱਖ ਲਈ।
ਆਦਿ-ਕਾਲ ਤੋਂ ਸੂਰਜ, ਸਾਗਰ,
ਸਹਿ-ਹੋਂਦੀ[1] ਕਰਾਮਾਤ ਸਿੱਖ ਲਈ।

ਆਪੇ ਰੁੱਸੇ, ਮੰਨੇ ਆਪੇ,
ਹਰ ਝਗੜੇ ਦੀ ਜ਼ਾਤ ਸਿੱਖ ਲਈ।
ਮੌਤ ਮਰੇ ਨਾ ਜੀਵਨ ਜੀਵੇ,
ਮਰ ਮਰ ਜਨਮ, ਹਯਾਤ[2] ਸਿੱਖ ਲਈ।

ਅੱਖਰ ਸ਼ਬਦ ਬਣਾਈ ਜਾਵੇ,
ਕਾਗ਼ਜ਼, ਕਲਮ, ਦਵਾਤ ਸਿੱਖ ਲਈ।
ਆਦਿ ਨਿਸ਼ਬਦਾ, ਜੁੱਗ ਜੁੱਗ ਚਾਨਣ,
ਚਾਨਣ ਦੀ ਬਾਰਾਤ ਸਿੱਖ ਲਈ।

ਸ਼ਬਦ ਸਿਫਰ ਤੇ ਨੂਰ ਸ਼ਬਦ ਹੈ,
ਦਰਸ਼ਨ[3] ਦੀ ਹਰ ਬਾਤ ਸਿੱਖ ਲਈ।



ਬਦਸ਼ਗਨੀ ਦੇ ਸ਼ਗਨ ਮਨਾਏ,
ਸੱਟ, ਚੋਟ, ਸੌਗਾਤ ਸਿੱਖ ਲਈ।

ਆਪੇ ਉਦੈ ਤੇ ਅਸਤ ਵੀ ਆਪੇ,
ਰਾਤਾਂ ਸੰਗ ਪ੍ਰਭਾਤ ਸਿੱਖ ਲਈ।
ਸ਼ਬਦਾਂ ਦੀ ਹੀ ਹੇਰਾ ਫੇਰੀ,
ਇਹ ਜ਼ਿੰਦਗੀ, ਸੁਕਰਾਤ[4] ਸਿੱਖ ਲਈ।

---

1. ਸ਼ਹਿ-ਹੋਂਦੀ : Coexistential, from co-existence
2. ਹਯਾਤ : ਜ਼ਿੰਦਗੀ
3. ਦਰਸ਼ਨ : ਫਲਸਫਾ, Philosophy
4. ਸੁਕਰਾਤ : Socrates, ਯੂਨਾਨੀ ਫਿਲਾਸਫਰ
   "The only true wisdom is in knowing, you know nothing"-Socrates

# ਕਿੱਸਾ ਬੀਜ ਤੇ ਬੇ-ਬੀਜ[1] ਦਾ

ਬੀਜ :
ਮਨੁੱਖ, ਰੁੱਖ, ਜੀਵ, ਪਸ਼ੂ, ਪੰਛੀ
ਤੇ ਜਲ-ਜੰਤ ਵਿੱਚ ਘੁੰਮਦਾ,
ਜ਼ਿੰਦਗੀ ਨੂੰ ਅੱਗੇ ਤੋਰਦਾ ਹੈ।

ਤੁਰਦੇ ਦਰਿਆ ਵੀ ਹਨ
ਤੇ ਹਵਾ ਵੀ-
ਹਵਾ ਦਾ ਬੀਜ ਕਿਹੜਾ ਹੈ ???

ਪਾਣੀ :
ਭਾਫ, ਬੱਦਲ, ਬਰਖਾ ਤੇ ਬਰਫ ਵਿੱਚ,
'ਬੇ-ਬੀਜ' ਘੁੰਮਦਾ ਹੈ !!!

ਜਲ ਤੇ ਹਵਾ ਬਿਨਾ,
ਸੂਰਜ ਦੀ ਸ਼ੁਆ ਬਿਨਾ,
ਬੀਜ ਵਾਲੀ ਜ਼ਿੰਦਗੀ,
ਰੁਕ, ਸੁਕ ਸਕਦੀ ਹੈ ...
ਤੇ ਜ਼ਿੰਦਗੀ ਦੇ ਨਾਲ ਹੀ,
ਇਸਦੀ ਕਲਪਨਾ 'ਚੋਂ,
ਪੈਦਾ ਹੋਣ ਵਾਲੇ ਰੱਬ ਦਾ ਵੀ,
ਅੰਤ ਹੋ ਸਕਦਾ ਹੈ !!!



ਜੁ 'ਬੇ-ਬੀਜ' ਹੈ,
ਕੀ ਉਹ, ਹਵਾ, ਪਾਣੀ, ਧਰਤ ਵਾਂਗ,
ਅਨੰਤ ਹੈ ???

ਸੱਭਿਅਤਾਵਾਂ,
ਕਦੇ 'ਮਿਸਰ' ਬਣੀਆਂ,
ਕਦੇ 'ਮੁਹਿੰਜੋਦਾਰੋ', ਕਦੇ 'ਹੜੱਪਾ'...
ਤੇ ਕਦੇ
'ਗੰਗਾ ਵਾਦੀ'[2]
ਉੱਠੀਆਂ ਤੇ ਮਿਟ ਗਈਆਂ,
ਫੇਰ ਉੱਠੀਆਂ !!!

'ਬੀਜ' ਤੇ 'ਬੇ-ਬੀਜ' ਦਾ,
ਇਹ ਕਿਹਾ ਰਿਸ਼ਤਾ ਹੈ ???

1. ਬੇ-ਬੀਜ : ਜਿਸਦਾ ਬੀਜ ਨਾ ਹੋਵੇ, ਬੀ ਤੋਂ ਬਿਨਾ
2. ਗੰਗਾ ਵਾਦੀ : ਗੰਗਾ ਵਾਦੀ ਦੀ ਸੱਭਿਅਤਾ

# ਇਸ਼ਕ ਦੀਆਂ ਕਥਾ-ਕਹਾਣੀਆਂ

ਨਜ਼ਰ,
ਖੂਬਸੂਰਤ ਜਿਸਮ ਨੂੰ ਵੇਖਦੀ...
ਤੇ ਵੇਖਦੀ ਰਹਿ ਜਾਂਦੀ ਹੈ।

ਮੁਹੱਬਤ ਵੀ,
ਜਿਸਮ ਨੂੰ ਵੇਖਦੀ, ਤੇ
ਜਿਸਮ ਤੱਕ ਸੀਮਤ ਹੋ ਜਾਂਦੀ ਹੈ।

ਜਿਸਮ ਹੀ ਬੀਜ,
ਜਿਸਮ ਹੀ ਧਰਤੀ,
ਜਿਸਮ ਹੀ ਫੁੱਲ, ਗੁਲਜ਼ਾਰ ਹੈ !!!

ਜਿਸਮ ਹੀ ਜ਼ਿੰਦਗੀ ਦਾ ਉਦੈ-ਦੁਆਰ ਹੈ !!!

ਹੀਰ ਰਾਂਝਾ,
ਸੱਸੀ ਪੁਨੂੰ,
ਮਿਰਜ਼ਾ ਸਾਹਿਬਾਂ...
ਤੇ ਇਸ਼ਕ ਦੀਆਂ ਹੋਰ ਕਥਾ ਕਹਾਣੀਆਂ,
ਜਿਸਮ ਤੋਂ ਜਿਸਮ ਤੱਕ ਦਾ ਹੀ ਸਫਰ ਹਨ !!!

ਜੇ ਮੁਹੱਬਤ ਕੇਵਲ ਰੂਹ ਦਾ ਰਿਸ਼ਤਾ ਹੁੰਦੀ,
ਤਾਂ ਏਨਾ ਖੱਜਲ ਖੁਆਰ ਹੋਣ ਦੀ ਲੋੜ ਕੀ ਸੀ ???



# *ਹੁਣ-ਬਾਣੀ

ਅਸੀਂ ਤਾਂ ਹੈ 'ਹੁਣ',
'ਹੁਣ' ਦੀ 'ਹੁਣ' ਜੀ ਲੈਣਾ !

ਅਗਲਾ ਛਿਣ ਤਾਂ ਅਗਲਾ ਛਿਣ ਹੈ,
ਲਾਰਿਆਂ ਵਿੱਚ ਕੀ ਪੈਣਾ ???

'ਹੁਣ' ਦੀ ਬੂੰਦ ਤਾਂ 'ਹੁਣ' ਹੀ ਮੰਗੇ,
'ਹੁਣ' ਦੀ ਬੂੰਦ 'ਚ ਸਾਗਰ ਸਾਡਾ !!!
... ...
ਕੱਲ੍ਹ ਦੇ ਸਾਗਰ ਤੋਂ ਕੀ ਲੈਣਾ ???

ਔਰਤ ਕੇਵਲ 'ਹੁਣ' ਹੁੰਦੀ ਹੈ-
'ਹੁਣ' ਹੀ ਹੁੰਦੀ ਸੂਰਤ ਉਸ ਦੀ,
'ਹੁਣ' ਹੀ ਹੁੰਦਾ,
ਤਨ, ਮਨ, ਗਹਿਣਾ !!!
'ਹੁਣ' ਦੀ 'ਹੁਣ' ਜੀ ਲੈਣਾ !!!

'ਹੁਣ' ਹੀ ਬਾਣੀ,
ਅਰਥ ਵੀ 'ਹੁਣ' ਹੀ !!!

'ਹੁਣ' ਦੇ ਸ਼ਬਦ ਨੇ,
'ਹੁਣ' 'ਚੋਂ ਡੁੱਲ੍ਹਣਾ,

'ਹੁਣ' ਵਿੱਚ ਪੈਣਾ !!!
ਔਰਤ ਬਿਨਾ ਨਾਂ ਅਸੀਂ ਮੁਕੰਮਲ !!!

ਬਾਬਾ ਆਦਮ[1],
ਮਾਈ ਹੱਵਾ[2] ਵੀ,
ਹੋਏ ਮੁਕੰਮਲ,
'ਹੁਣ' ਨੂੰ ਪਾ,
ਅੰਜੀਰਾਂ[3] ਖਾ ਕੇ !!!

'ਹੁਣ' ਹੀ ਸਾਹ, ਦਿਲ,
ਧੜਕਨ, 'ਹੁਣ' ਹੀ !!!
'ਹੁਣ' ਨੂੰ ਛੱਡ,
ਕੱਲ੍ਹ ਤੋਂ ਕੀ ਲੈਣਾ ???

'ਹੁਣ' ਹੀ ਕਹਿਣਾ,
'ਹੁਣ' ਹੀ ਸਹਿਣਾ !!!

ਅਸੀਂ ਤਾਂ ਹੈ 'ਹੁਣ',
'ਹੁਣ' ਦੀ 'ਹੁਣ' ਜੀ ਲੈਣਾ !!!

---

* ਹੁਣ-ਬਾਣੀ : 'ਹੁਣ' ਦੀ ਭਾਸ਼ਾ, Language of Now
1. ਬਾਬਾ ਆਦਮ : ਮਿਥਿਕ Adam
2. ਮਾਈ ਹੱਵਾ : ਮਿਥਿਕਿ Eve
3. ਅੰਜੀਰਾਂ ਖਾ ਕੇ : ਵਰਜਤ ਫਲ ਦੇ ਸੇਵਨ ਕਰਨ ਦਾ ਮਿਥਿਕ ਹਵਾਲਾ

**ਵਿਸ਼ੇਸ਼ ਨੋਟ :** ਇਹ ਕਵਿਤਾ, ਮੇਰੇ ਕਾਵਿ ਸੰਗ੍ਰਹਿ, "ਪਾਰ ਗਾਥਾ (2020)" ਵਿੱਚ ਸ਼ਾਮਿਲ, ਮੇਰੀ ਕਵਿਤਾ, 'ਹੁਣਵਾਦ' (Nowism) ਤੋਂ ਬਾਅਦ ਵਿੱਚ ਲਿਖੀ ਗਈ।



# ਇਕ ਗੁੰਗੀ ਕੁੜੀ ਦਾ ਕਾਵਿ-ਚਿਤਰ

"ਤੇਰੀ ਖ਼ਾਮੋਸ਼ੀ,
ਵੇਦ ਹੈ, ਪੁਰਾਣ ਹੈ, ਗ੍ਰੰਥ ਹੈ !
ਤੇਰੇ ਨੈਣ, ਤੇਰਾ ਚਿਹਰਾ,
ਰੰਗ ਰੂਪ, ਕੱਦ ਕਾਠ, ਚਾਲ ਢਾਲ,
ਇਕ ਤੁਰਦੀ ਫਿਰਦੀ ਸੰਕੇਤ-ਭਾਸ਼ਾ ਹੈ।

ਆਦਿ-ਕਾਲ ਤੋਂ ਹੀ, ਤੂੰ
ਸ੍ਰਿਸ਼ਟੀ, ਸੰਸਾਰ ਤੇ ਮਾਨਵ-ਵਿਹਾਰ ਦੀ,
ਕੱਥ ਮਿੱਥ ਨੂੰ ਸਾਂਭੀ ਬੈਠੀ ਹੈਂ,
ਧਰਮ, ਇਤਿਹਾਸ ਤੇ ਵਿਰਾਸਤ ਵਾਂਗ।

ਤੂੰ ਜਦ ਨਜ਼ਰ ਚੁੱਕਦੀ ਹੈਂ, ਤਾਂ ਸੂਰਜ ਚੜ੍ਹਦਾ ਹੈ,
ਕਿਰਨਾਂ ਦਾ ਸੂਖਮ ਸੰਗੀਤ ਝਰਦਾ ਹੈ,
ਕਵਿਤਾ ਰਚਦਾ, ਪੇਂਟ ਕਰਦਾ ਹੈ,
ਬੁੱਤ ਘੜਦਾ, ਨ੍ਰਿਤ ਕਰਦਾ ਹੈ !!!

ਸ਼ੋਰ ਤਾਂ ਹੋਰ ਵੀ ਬਹੁਤ ਨੇ ਏਥੇ,
ਪਰ ਤੂੰ ਸੰਸਾਰ ਨੂੰ,
ਸ਼ੋਰ ਦੇ ਪ੍ਰਦੂਸ਼ਣ ਤੋਂ ਵੀ ਮੁਕਤ ਰੱਖਿਆ ਹੈ !

ਤੇਰਾ ਮੌਨ,
ਆਦਿ ਜੁਗਾਦੀ ਸਮਾਧੀਆਂ ਦੀ ਅਨੰਤ ਗਾਥਾ ਹੈ,

ਜਿਸ ਤੋਂ ਰੌਸ਼ਨੀ ਲੈ ਕੇ,
ਜੁੱਗਾਂ ਜੁੱਗਾਂਤਰਾਂ ਤੋਂ ਚਲੇ ਆ ਰਹੇ ਸਭ ਬੁੱਧ,
ਰਸਤਾ ਲੱਭਦੇ ਲੱਭਦੇ, ਮੁਕਤ ਹੋ ਗਏ ਹਨ !!!

ਤੂੰ ਪਲਕ ਝਪਕਦੀ ਹੈਂ, ਤਾਂ ਮੈਨੂੰ,
ਜ਼ਮੀਨ ਅਸਮਾਨ ਮਿਲਦੇ ਨਜ਼ਰ ਆਉਂਦੇ ਹਨ !

ਤੂੰ ਨਜ਼ਰ ਚੁੱਕਦੀ ਹੈਂ, ਤਾਂ
ਅੰਬਰ ਸਾਗਰ ਚੁੱਕ ਲਿਆਉਂਦਾ,
ਸੱਤ-ਰੰਗੀਆਂ ਚੜ੍ਹਾਉਂਦਾ ਹੈ !

ਤੂੰ ਅਣਲਿਖਤ ਅਰਥਾਂ ਦੀ,
ਲਗਾਤਾਰ ਤੁਰ ਰਹੀ ਇਕ ਪੁਸਤਕ ਹੈਂ:
ਫਲਸਫੇ 'ਚੋਂ ਨਿਕਲਦਾ ਫਲਸਫਾ !!!"

ਝੀਲ ਦੀ ਖਾਮੋਸ਼ੀ ਤੇ
ਸਮੁੰਦਰ ਦੀ ਗਹਿਰਾਈ ਨੂੰ,
ਆਪਣਾ ਅਸਮਾਨ ਬਣਾ ਉੱਡਦੀ,
ਇਹ ਕੁੜੀ, ਅੱਜ ਕੱਲ੍ਹ,
ਮੈਨੂੰ ਰੋਜ਼ ਮਿਲਦੀ ਹੈ-
ਮੇਰੇ ਅੰਦਰ,
ਮੇਰੇ ਆਸ ਪਾਸ ਰਹਿੰਦੀ ਹੈ !!!



## ਤ੍ਰੇਲ ਦੇ ਤੁਪਕੇ

ਨਾ ਅਸੀਂ ਸੂਰਜ, ਨਾ ਅਸੀਂ ਸਾਗਰ,
ਦਰਿਆ ਅਸੀਂ ਨਾ ਬਣਦੇ।
ਫੁੱਲ-ਪੱਤੀਆਂ 'ਤੇ ਤ੍ਰੇਲ ਦੇ ਤੁਪਕੇ,
ਨਿੱਤ ਬਿਣਸਨ, ਨਿੱਤ ਬਣਦੇ।

ਅੰਬਰ 'ਤੇ ਘਨਘੋਰ ਘਟਾਵਾਂ,
ਬਿਜਲੀ ਦਾ ਲਿਸ਼ਕਾਰਾ।
ਆਪਣੀ ਲੋਅ 'ਚੋਂ ਜੰਮ ਪੈਂਦਾ ਹੈ,
ਆਪਣਾ ਹੀ ਅੰਧਿਆਰਾ।

ਸੱਤ-ਰੰਗੀਆਂ ਦੇ ਸੁਫਨੇ ਸਾਡੇ,
ਕਾਲ-ਗੁਫਾ, ਇਕਲਾਪਾ।
ਨਾ ਕਿਰਨਾਂ, ਨਾ ਸੂਰਜ ਆਪਣਾ,
ਭਟਕ ਰਿਹਾ ਹੈ ਆਪਾ।

ਬਰਖਾ-ਬੂੰਦ ਬਣੇ ਸ਼ਿਵਲਿੰਗ ਤੇ
ਧਰਤੀ ਹਰਵਰ੍ਹਿਆਈ।
ਬੰਜਰ ਅਸੀਂ, ਨਿਪੁੰਸਕ ਬੀ ਨੇ,
ਇਹ ਕੈਸੀ ਰੁੱਤ ਆਈ !!!

ਨਾ ਜੰਮਣ, ਨਾ ਮਰਨ ਕਦੇ ਇਹ,
ਹੋਈਆਂ ਅਮਰ ਖਲਾਵਾਂ।

ਫੰਡ, ਫੰਡ ਸਾਨੂੰ ਪਿੰਜਦੀਆਂ ਜਾਪਣ,
ਸਾਡੀਆਂ ਸੀਤ ਹਵਾਵਾਂ।

ਪੰਖ ਅਸਾਡੇ ਵਿੱਚ ਉਡੀਕਾਂ,
ਪੱਤਝੜ ਵਾਂਗੂੰ ਝੜ ਗਏ।
ਕਲਪੀ ਸੀ ਆਕਾਸ਼-ਉਡਾਰੀ,
ਹਰ ਰਾਹ ਪਿੰਜਰੇ ਖੜ੍ਹ ਗਏ।

ਪੱਥਰਾਂ ਨਾਲੋਂ ਪੈਰ ਨੇ ਭਾਰੇ,
ਝੁਕਿਆ ਲੱਕ, ਕਮਾਨ।
ਉੱਡਣੋ ਪਹਿਲਾਂ, ਝੜੀ ਉਡਾਰੀ,
ਸੁਕੜ ਗਿਆ ਅਸਮਾਨ।

ਸਾਡੀ ਪ੍ਰਿਜ਼ਮ 'ਚ ਸੱਤ-ਰੰਗੀਆਂ ਨਾ,
ਕਿਰਨਾਂ ਦਾ ਤਰਸੇਵਾਂ।
ਕੱਚ ਦਾ ਟੁਕੜਾ ਹੋਂਦ ਅਸਾਡੀ,
ਕਿੱਥੇ ਰੱਖਾਂ ? ਕਿਸ ਨੂੰ ਦੇਵਾਂ ?

ਸ਼ਬਦਾਂ ਨਾਲੋਂ ਅਰਥ ਟੁੱਟ ਗਏ,
ਖੋਖੇ, ਖਾਲੀ ਖੋਲੀ।
ਕਲਪਨਾਂ, ਖਿਆਲ-ਉਡਾਰੀ ਖੁੱਸੀ,
ਗੁੰਗੀ ਹੋ ਗਈ ਬੋਲੀ !!!



## *ਸੌਲੀਟੇਅਰ

ਪਾਣੀ ਰੇਤ ਵਿੱਚ ਡੱਬ ਗਿਆ ਏ,
ਸੂਰਜ ਛੁਪ, 'ਨ੍ਹੇਰਾ ਚੜ੍ਹ ਪਿਆ ਏ।

ਹੱਥ ਨੂੰ ਹੱਥ ਵਿਖਾਈ ਨਹੀਂ ਦਿੰਦਾ
ਪੈਰਾਂ ਨੂੰ ਧਰਤੀ ਤੇ ਨਜ਼ਰ ਨੂੰ ਮਹਿਬੂਬ !

ਜਦੋਂ ਅਸਮਾਨ ਹੀ ਨਜ਼ਰ ਨਹੀਂ ਆਉਂਦਾ,
ਤਾਂ ਦੁਮੇਲ ਦੀ ਹੋਂਦ ਕੀ ਏ ?
ਆਸ, ਇੱਛਾ ਬੇ-ਵਜੂਦ ਹੋ ਜਾਦੀ ਹੈ,
ਸੁਫਨੇ ਸ਼ੂਨਯ ਤੇ ਫੈਂਟਸੀ ਸਿਫ਼ਰ।

ਰਸਤਿਆਂ ਦੇ ਨਾਲ ਹੀ ਦਿਸ਼ਾਵਾਂ ਵੀ,
ਬੇ-ਦਿਸ਼ਾ, ਉਲਝ ਜਾਂਦੀਆਂ ਹਨ।

ਬੋਲ ਜ਼ਬਾਨ ਤੋਂ ਅਲੱਗ ਹੋ ਜਾਂਦੇ
ਤੇ ਅਰਥ ਸ਼ਬਦਾਂ ਤੋਂ !!!

ਜਦੋਂ ਆਸ਼ਿਕ ਡੁੱਬਦਾ ਹੈ,
ਤਾਂ ਉਹ ਨੱਕ ਤੱਕ ਡੁੱਬਦਾ ਹੈ,
ਸਿਰ ਤੋਂ ਪੈਰਾਂ ਤੱਕ,
ਕੁਝ ਵੀ ਨਹੀਂ ਬਚਦਾ।

ਇਹ ਕੈਸੀ ਦੀਵਾਨਗੀ ਹੈ ???

ਆਪ ਹੀ ਬੱਤੀਆਂ ਜਗਾਈਆਂ ਸਨ,
ਆਪ ਹੀ ਬੁਝਾ ਦਿੱਤੀਆਂ ???

ਇਹ ਕੈਸਾ *ਸੌਲੀਟੇਅਰ ਹੈ,
ਜਿਸ ਵਿੱਚ ਮਨੁੱਖ,
ਆਪ ਹੀ ਆਪ ਨੂੰ ਮਾਰਦਾ ਹੈ ???

ਇਹ ਕੈਸੀ ਦੁਵੱਲੀ ਮੌਤ ਹੈ,
ਜੁ ਸਿਫ਼ਰ ਨਾਲ ਸਿਫ਼ਰ ਦੀ,
ਖੇਡ ਖੇਡਦੀ ਹੈ !!!

* ਸੌਲੀਟੇਅਰ : ਇਕੱਲ-ਖੇਡ, Solitaire, ਆਪਣੇ ਆਪ ਨਾਲ ਇਕੱਲਿਆਂ ਖੇਡਣ ਵਾਲੀ ਤਾਸ਼ ਦੀ ਖੇਡ।



## ਸਦਾ-ਬਹਾਰ ਇਸ਼ਕ

ਮੇਲਾ ਹੈ ਮੇਲੀਆਂ ਦੇ ਨਾਲ,
ਨੀ ਚੱਲ ਮੇਲੇ ਨੂੰ ਚੱਲੀਏ !

ਨਾ ਅਸੀਂ ਮੰਗਲ ਹਾਂ,
ਨਾ ਅਸੀਂ ਬੁੱਧ ਹਾਂ।
ਮਿਲਾਵਟ, ਦਿਖਾਵਟ ਤੋਂ
ਕੋਹਾਂ ਦੂਰ, ਸ਼ੁੱਧ ਹਾਂ।
ਚੌਵੀ ਘੰਟੇ, ਸੱਤੇ ਦਿਨ ਪਿਆਰ,
ਨੀ ਚੱਲ ਮੇਲੇ ਨੂੰ ਚੱਲੀਏ !

ਸੂਰਜ ਹੈ ਥਿਰ ਸਾਡਾ,
ਧਰਤੀਆਂ ਘੁਮਾਂਵਦਾ।
ਹੋਂਦ 'ਚੋਂ ਹੀ ਪਿੰਡ ਅਤੇ
ਬ੍ਰਹਮੰਡ ਦਿਖਾਂਵਦਾ !
ਰੌਸ਼ਨੀ ਹੀ ਇਸਦਾ ਵਿਹਾਰ,
ਨੀ ਚੱਲ ਮੇਲੇ ਨੂੰ ਚੱਲੀਏ !

ਦ੍ਰਿਸ਼ਟੀ ਤੇ ਦਰਸ਼ਨ ਦੇ
ਰਿਸ਼ਤੇ ਨਹੀਂ ਟੁੱਟਦੇ।
ਨਿੱਤ ਹੀ ਵਿਕਾਸ ਰਹਿੰਦੇ,
ਬੀਆਂ ਵਾਂਗ ਫੁੱਟਦੇ।
ਹਰ ਰੋਜ਼ ਨਵਾਂ ਤੇਰਾ ਪਿਆਰ,
ਨੀ ਚੱਲ ਮੇਲੇ ਨੂੰ ਚੱਲੀਏ !

ਰੁੱਤਾਂ ਦੇ ਵਾਂਗ, ਅਸੀਂ
ਆਈਏ, ਨਾ ਜਾਈਏ।
ਹਰ ਸਾਲ, ਹਰ ਰੂਪ,
ਅਸੀਂ ਤੈਨੂੰ ਚਾਹੀਏ।
ਇਸ਼ਕ ਹੈ ਸਦਾ-ਬਹਾਰ,
ਨੀ ਚੱਲ ਮੇਲੇ ਨੂੰ ਚੱਲੀਏ !

ਮੇਲਾ ਹੈ ਮੇਲੀਆਂ ਦੇ ਨਾਲ,
ਨੀ ਚੱਲ ਮੇਰੇ ਨੂੰ ਚੱਲੀਏ !



## ਇਸ਼ਕ ਹੀ ਸਾਡੀ ਜ਼ਾਤ

ਤੇਰੇ ਦੇਸ਼ 'ਚ ਦਿਨ ਚੜ੍ਹਿਆ ਹੈ,
ਮੇਰੇ ਪੈ ਰਹੀ ਰਾਤ।
ਇਹ ਕੈਸਾ ਹੈ ਮੇਲ ਸੱਜਣ ਜੀ,
ਬਿਨ ਬਾਦਲ ਬਰਸਾਤ !!!

ਕਲਪਨਾ ਦੇ ਵਿੱਚ ਫੁੱਲ, ਬਗ਼ੀਚੇ,
ਸਾਹਾਂ ਵਿੱਚ ਖੁਸ਼ਬੋਆਂ।
ਲੁੱਕਣ-ਮੀਟੀ ਦੇ ਵਿੱਚ ਅੱਖੀਆਂ,
'ਨ੍ਹੇਰੇ ਬਣ ਰਹੇ ਲੋਆਂ !
ਤਨ ਮਨ ਅੰਦਰ ਵਾਸ ਹੈ ਤੇਰਾ,
ਤੂੰ ਮੇਰੀ ਪਰਭਾਤ।

ਆਦਿ-ਕਾਲ ਤੋਂ ਧਰਤੀ ਵੇਖੇ,
ਗਗਨ 'ਚ ਪ੍ਰੀਤ-ਕਥਾਵਾਂ।
ਸੂਰਜ ਦੇ ਨਾਲ ਚਾਨਣ ਜੀਕੂੰ,
ਜਿਉਂ ਧੁੱਪਾਂ ਸੰਗ ਛਾਵਾਂ।
ਤ੍ਰੈ-ਕਾਲੀ ਚਿੰਤਨ ਨੇ ਦਿੱਤੀ,
'ਹੁਣ' ਦੇ 'ਛਿਣ' ਨੂੰ ਮਾਤ।

ਅੱਖੀਆਂ ਦੇ ਵਿੱਚ ਮੀਤ ਦਾ ਸੁਫਨਾ,
ਪੰਖੀ ਦੀ ਪਰਵਾਜ਼।
ਬਿਨ ਬੋਲੇ ਸਮਝੇ, ਸਮਝਾਵੇ,

ਇਸ਼ਕ, ਹੁਸਨ ਦੀ 'ਵਾਜ਼।
ਆਦਿ-ਕਾਲ, ਅਨੰਤ-ਕਾਲ ਹੈ,
ਸਮੇਂ ਜੇਡ ਸਾਡੀ ਬਾਤ !!!

ਖਿਆਲ ਅਤੇ ਅਹਿਸਾਸ ਦਾ ਰਿਸ਼ਤਾ,
ਤੇਰਾ ਮੇਰਾ ਪਿਆਰ।
ਤਨ ਬਣਿਆਂ ਦਰਵਾਜ਼ਾ ਤੇ ਹੈ
ਢੱਠ ਗਈ ਹਰ ਦੀਵਾਰ।
ਅੱਖੀਆਂ ਦੇ ਵਿੱਚ ਨੂਰ ਇਸ਼ਕ ਦਾ,
ਇਸ਼ਕ ਹੀ ਸਾਡੀ ਜ਼ਾਤ।

ਸਿੱਧ ਪੁੱਠ ਵਾਂਗੂੰ ਜਾਪ ਰਹੇ ਨੇ,
ਸਮੇਂ ਦੇ ਦੋਵੇਂ ਪਾਸੇ।
ਵਸਲਾਂ ਦਾ ਛਿਣ ਲੈ ਆਉਂਦਾ ਹੈ,
ਹੰਝੂਆਂ ਵਿੱਚ ਵੀ ਹਾਸੇ।
ਇਕ ਦੂਜੇ ਵਿੱਚ ਫਿਸਦੇ ਭਰਦੇ,
ਹਾਵ ਭਾਵ, ਜਜ਼ਬਾਤ !!!



## ਇਕ ਅਸਮਾਨ ਮੇਰਾ ਵੀ

ਆਦਿ-ਕਾਲ ਤੋਂ ਇਕ ਅਸਮਾਨ,
ਸੂਰਜ, ਚੰਦ, ਨਖਯਤਰ, ਤਾਰੇ ...

ਉਸ ਦੇ ਹੇਠ,
ਰੁੱਤਾਂ ਦੀਆਂ ਖੇਡਾਂ,
ਕਣੀਆਂ ਤੇ ਸੱਤ-ਰੰਗੀਆਂ,
ਰੰਗ, ਸੁਗੰਧ, ਨਜ਼ਾਰੇ,
ਭੋਂ ਦੀ ਕੁਦਰਤ,
ਖਿਤਿਜ, ਰਹੱਸ, ਯਥਾਰਥ,
ਸਮਾਂ ਨਿਰੰਤਰ !!!

ਇਕ ਅਸਮਾਨ ਮੇਰਾ ਵੀ ਯਾਰੋ !!!

ਪਲਕਾਂ ਉੱਤੇ,
ਨਿੱਤ ਹੀ ਝੁਕਦਾ ਆਵੇ,
ਬਹੁਤ ਦਬਾਵੇ, ਬਹੁਤ ਸਤਾਵੇ,
ਨਜ਼ਰਾਂ ਨੂੰ ਧੁੰਦਲਾਵੇ !

ਪੈਰਾਂ ਬਾਝੋਂ,
ਕੁਝ ਵੀ ਨਜ਼ਰ ਨਾ ਆਵੇ !!!

ਏਸ ਪੜਾਅ 'ਤੇ,
ਉਮਰ-ਪੰਧ ਨੂੰ,
ਸ਼ੂਨਯ ਵਲ ਲਈ ਜਾਵੇ !!!

ਫਿਰ ਵੀ ਯਾਰੋ,
ਜ਼ੋਰ ਲਗਾ ਕੇ ਪਲਕਾਂ ਪੁੱਟਾ !

ਇਹ ਮਨ ਬਾਉਲਾ,
ਹੁਣ ਦੇ ਛਿਣ ਤੋਂ,
ਸ਼ੂਨਯ-ਛਿਣ ਤਕ,
ਅਸਲੇ ਤੇ ਸਭ ਉਹਲੇ,
ਜਾਨਣੇ ਚਾਹਵੇ !!!

ਚੇਤੰਨ ਮਨ,
ਜ਼ਿੰਦਗੀ ਦਾ ਸੂਚਕ !!!



## ਅੱਥਰੇ ਘੋੜੇ ਦੀ *ਐਂਡਗੇਮ

ਭਰ ਜਵਾਨੀ ਵਿੱਚ,
ਅੱਥਰੇ ਘੋੜੇ ਸਾਂ।
ਕਦੇ ਨ੍ਰਿਤ-ਤੋਰ ਤੁਰਦੇ,
ਮਟਕਦੇ,
ਕਦੇ ਦੁੜਕੀ, ਕਦੇ ਸਰਪਟ ਦੌੜਦੇ,
ਸੀਖ-ਭਾਰ ਖੜੋ ਜਾਂਦੇ ਸਾਂ !!!

ਹੁਣ ਤਾਂ,
ਬਾਵਜੂਦ ਇੱਛਾ ਦੇ ਵੀ,
ਖੜੋ ਨਹੀਂ ਹੁੰਦਾ।

ਨਜ਼ਰ ਦੀ ਸੀਮਾਂ,
ਪੈਰਾਂ ਤਕ ਸੀਮਤ ਹੋ ਗਈ ਹੈ
ਤੇ ਪੈਰਾਂ ਨਾਲੋਂ ਵਾਟਾਂ
ਝੜ ਗਈਆਂ ਹਨ,
ਸਫਰ ਖੜੋ ਗਿਆ ਹੈ !

ਬਰਖਾ ਹੋਵੇ ਨਾ ਹੋਵੇ,
ਇਸ ਤਨ ਦਾ ਕੋਠਾ,
ਹਰ ਮੋਰੀ ਵਿੱਚੋਂ ਚੋ ਰਿਹਾ ਹੈ।

ਇਸ ਉਮਰ ਵਿੱਚ,
ਸ਼ਬਦਾਂ 'ਚ ਉੱਡਣ ਵਾਲਾ,
ਕਲਪਨਾ ਤੇ ਖਿਆਲਾਂ ਦਾ ਸਿਲਸਿਲਾ ਵੀ
ਰੁਕ ਗਿਆ ਹੈ !

ਮਿੱਟੀ ਹੋਰ ਨੇੜੇ ਹੋ ਗਈ ਹੈ,
ਤੇ ਅੰਬਰ,
ਪਲਕਾਂ 'ਤੇ ਝੁਕ ਗਿਆ ਹੈ।

ਆਪਣੇ ਆਪ ਤੋਂ ਤੁਰਿਆ ਸੀ,
ਜੁ ਕਦੇ,
ਹੌਲੀ ਹੌਲੀ,
ਆਪਣੇ ਆਪ ਵਿੱਚ ਮੁੱਕ ਰਿਹਾ ਹੈ !!!

---

* ਐਂਡਗੇਮ : 'EndGame' : ਨਾਮਵਰ ਐਬਸਰਡ/ਊਲ ਜਲੂਲ ਨਾਟਕਕਾਰ ਸੈਮੁਅਲ ਬੈਕਤ ਦਾ ਇਕ ਨਾਟਕ।



## ਅੰਤਿਮ ਸ਼ਬਦ

ਇਕ ਪਲ ਦੇਵੇਂ ਮੌਤ ਅਸਾਨੂੰ,
ਇਕ ਪਲ ਜੀਵਨ ਯਾਰ।
ਆਦਿ-ਕਾਲ ਤੋਂ ਸਾਡਾ ਜੀਵਨ,
ਸਵੈ ਸੰਗ ਹੈ ਤਕਰਾਰ।

ਸੱਤ ਰੰਗੀਆਂ ਦੇ ਸੁਫਨੇ ਸਾਡੇ,
ਨਜ਼ਰਾਂ ਵਿੱਚ ਅਨ੍ਹੇਰ।
ਤੂੰ ਹੀ ਸਾਡੀ ਰਾਤ ਬਣੇਂ ਤੇ
ਤੂੰ ਹੀ ਬਣੇ ਸਵੇਰ।
ਸਾਡੀ ਕੁਦਰਤ ਡੁੱਬਣਾ, ਚੜ੍ਹਨਾ,
ਰੰਗ ਮਾਣੇ ਸੰਸਾਰ।

ਅੱਖਰ ਜੋੜੇ 'ਰਾਵਣ' ਬਣਿਆਂ,
ਅੱਖਰੀਂ 'ਰਾਮ' ਅਵਤਾਰ।
ਸ਼ਬਦ-ਕਲਾ ਵਿੱਚ ਬ੍ਰਹਮੰਡ ਵੱਸਦਾ,
ਬ੍ਰਹਮੰਡ ਵਿੱਚ ਤੂੰ ਯਾਰ।
ਤੇਰ ਮੇਰ ਵਿੱਚ ਅਰਥ ਗੁਆਚੇ,
ਮਿੱਥ[1] ਬਣਿਆਂ ਸੰਸਾਰ।

ਤੂੰ ਚਾੜ੍ਹੇਂ ਨਿੱਤ ਮੁੱਖ ਦਾ ਸੂਰਜ,
ਮੈਂ ਸ਼ਬਦਾਂ ਦਾ ਨੂਰ।

ਨਾ ਤੂੰ ਸਾਡੇ ਨੇੜੇ ਸੱਜਣਾ,
ਨਾ ਹੀ ਸਾਥੋਂ ਦੂਰ।
ਭੌਂ ਅੰਦਰ ਦੁਮੇਲ ਬਣੇ, ਤੱਕ
ਸੱਚ ਭਰਮ ਦਾ ਪਿਆਰ।

ਸੜਕਾਂ ਸਾਨੂੰ ਰਾਹ ਦਿਖਲਾਵਣ,
ਸੜਕਾਂ ਬਣਨ ਦੀਵਾਰ।
ਵਾਦਾਂ ਅਤੇ ਵਿਵਾਦਾਂ ਦੀ ਜੰਗ,
ਬੁੱਧੀ ਧੁੰਦ ਗ਼ੁਬਾਰ।
ਹਰ ਛਿਣ ਮਰੀਏ, ਲੱਭੀਏ ਫਿਰ ਵੀ,
ਅੰਤਿਮ-ਸੱਚ-ਦੀਵਾਰ।

ਆਦਿ-ਕਾਲ ਤੋਂ ਤੁਰੇ ਫਲਸਫਾ,
ਕਦੇ ਦਿਖਾਵੇ, ਕਦੇ ਛੁਪਾਵੇ।
ਸੱਚ ਤਾਂ ਛਿਣ ਛਿਣ ਬਣੇ ਤੇ ਵਿਗਸੇ,
ਵੱਖ ਵੱਖ ਰੰਗ ਦਿਖਲਾਵੇ !
ਅੰਤਿਮ ਸ਼ਬਦ ਤੋਂ ਪਾਰ ਨਿਅੱਖਰੇ[2],
ਅਰਥਾਂ ਦਾ ਸੰਸਾਰ !!!

1. ਮਿੱਥ : ਮਿਥਿਆ, ਮਿਥਿਹਾਸ
2. ਨਿਅੱਖਰੇ : ਅੱਖਰਾਂ ਤੋਂ ਬਿਨਾ, ਉਹ ਅਰਥ, ਜੁ ਅਜੇ ਅੱਖਰਾਂ ਦਾ ਜਾਮਾਂ ਨਾ ਪਹਿਨ ਸਕੇ ਹੋਣ, ਉਹ ਅਰਥ, ਜੁ ਅਜੇ ਸ਼ਬਦ ਨਾ ਬਣ ਸਕੇ ਹੋਣ।



## ਗ਼ਾਇਬ ਹੋ ਰਹੇ ਵਜੂਦ

ਕੰਪਿਊਟਰ ਨੇ ਮੇਰੀ
ਕਲਮ ਦਵਾਤ ਖੋਹ ਲਈ ਹੈ,
ਮੇਰੀ ਚਿੱਠੀ, ਮੇਰਾ ਡਾਕੀਆ,
ਮੇਰੀ ਉਡੀਕ ਵੀ ...

ਘੁੱਟਵੀਆਂ ਜੱਫੀਆਂ,
ਨਿੱਘੀਆਂ ਮਿਲਣੀਆਂ,-
ਸਨਮੁਖ ਹੋ ਕੇ ਕੀਤੇ,
ਚੂੰਢੀਆਂ ਵੱਢਵੇਂ ਲਤੀਫੇ
ਤੇ ਮਸ਼ਗੂਲੇ[1]...ਸਭ...

'ਫੇਸ ਟਾਈਮ'[2], 'ਜ਼ੂਮ' ਤੇ
'ਵਰਚੂਅਲ ਵਸਲ', ਜਿਵੇਂ
ਜ਼ਿੰਦਗੀ ਵਿੱਚੋਂ ਜ਼ਿੰਦਗੀ,
ਉਡਾ ਕੇ ਲੈ ਗਏ ਹੋਣ।
ਸਾਨੂੰ ਸਭ ਨੂੰ,
ਇਕ ਊਲ ਜਲੂਲ ਨਾਟਕ ਤੇ
ਮਸਨੂਈ[3] ਅਭਿਨਯ ਬਣਾ ਗਏ ਹੋਣ।

ਜਾਪਦਾ ਹੈ,
ਅੱਜ ਦੇ ਜੀਵਨ ਦਾ, ਜਿਵੇਂ
ਕਾਇਆ ਕਲਪ ਹੋ ਗਿਆ ਹੋਵੇ !!!

ਭਖਦੇ ਚੁੰਮਣ,
ਨੀਲ ਪਾਉਂਦੀਆਂ, ਭੂੰਡ-ਭੱਪੀਆਂ[4],
ਕੰਨ-ਚੀਰਵੇਂ ਹਾਸੇ ਠੱਠੇ, ਧੱਕਾ ਮੁੱਕੀ,
ਅਸਮਾਨ ਨੂੰ ਟਾਕੀ ਲਾਉਣ ਵਾਲੀਆਂ,
ਵਲਾਯੌੜ[5] ਗੱਲਾਂ...
ਕੁਤਕੁਤਾਰੀਆਂ[6], ਸ਼ਰਾਰਤਾਂ,
ਇਕ, ਇਕ ਕਰਕੇ,
ਮੈਥੋਂ ਮੇਰਾ ਵਿਰਸਾ ਖੁੱਸ ਰਿਹਾ ਹੈ !!!

ਤਸਵੀਰਾਂ ਦੇ ਪੋਜ਼ ਜਾਂ ਮਖੌਟੇ,
ਦਗਦੇ, ਮਘਦੇ, ਧੜਕਦੇ ਜਜ਼ਬਾਤ ਨਹੀਂ ਹੁੰਦੇ !

ਮੈਨੂੰ ਮੈਥੋਂ ਬਚਾਓ ...
ਮੈਂ ਹੌਲੀ ਹੌਲੀ,
ਆਪਣੀ ਨਜ਼ਰ 'ਚੋਂ ਗ਼ਾਇਬ ਹੋ ਰਿਹਾ ਹਾਂ !!!

---

1. ਮਸ਼ਗੂਲੇ : ਸ਼ੁਗਲ, ਮਸ਼ਕਰੀਆਂ
2. ਫੇਸ ਟਾਈਮ, ਜ਼ੂਮ ਤੇ ਵਰਚੂਅਲ ਵਸਲ : Face Time, Zoom and Virtual Romantic Meeting - ਮਿਲਣ ਜਾਂ ਮੀਟਿੰਗ ਕਰਨ ਦੇ ਕੰਪਿਊਟਰੀ ਜੰਤਰ/ ਸਾਧਨ, ਵਸਲ : ਮਿਲਾਪ, ਪ੍ਰੀਤ-ਮਿਲਣੀ
3. ਮਸਨੂਈ : Artificial, ਨਕਲੀ
4. ਭੂੰਡ-ਭੱਪੀਆਂ : ਨੀਲ ਪਾਉਣ ਵਾਲੀਆਂ ਘੁੱਟਵੀਆਂ ਚੁੰਮੀਆਂ, ਭੂੰਡ ਦੇ ਰੰਗ ਵਰਗਾ ਨੀਲ
5. ਵਲਾਯੌੜ : ਊਲ ਜਲੂਲ
6. ਕੁਤਕੁਤਾਰੀਆਂ : Tickle/Tickles



# ਦੋਮੇਲ ਪਿਛਲਾ ਸੱਚ

ਧੌਲੇ, ਚਿੱਟੇ ਵਾਲ,
ਚਿਹਰੇ ਤੇ ਝੁਰੜੀਆਂ...
ਫਿਰ ਵੀ ਉਹ,
ਮੇਕ-ਅੱਪ ਤੇ ਹਾਰ ਸ਼ਿੰਗਾਰ ਕਰਕੇ,
ਮੇਰੇ ਨਾਲ ਜੁੜ ਕੇ ਬੈਠ ਜਾਂਦੀ ਹੈ।
ਮੇਰੀਆਂ ਅੱਖਾਂ ਵਿੱਚ ਵੇਖਦੀ,
ਧੁਰ ਅੰਦਰ ਤਕ ਲਹਿ ਜਾਂਦੀ ਹੈ।

ਹੱਥ ਵਿੱਚ ਫੜੇ ਹੋਏ ਫੁੱਲਾਂ ਦੇ ਗੁਲਦਸਤੇ ਦੇ,
ਫੁੱਲਾਂ ਨੂੰ ਛੇੜਦੀ ਹੈ !
ਮੈਨੂੰ ਛੂੰਹਦੀ ਹੈ,
ਮਹਿਕ ਦੀਆਂ ਅਨੇਕ ਧੁਨੀਆਂ ਬਿਖੇਰਦੀ ਹੈ !

ਪੋਲੇ ਜਿਹੇ ਮੇਰੇ ਹੱਥ ਨੂੰ ਫੜਦੀ,
ਮੈਨੂੰ, ਪੋਲੇ ਪੈਰੀਂ, ਦੋਮੇਲ ਵੱਲ,
ਇਕ ਲੰਮੀਂ ਸੈਰ ਲਈ ਲੈ ਤੁਰਦੀ ਹੈ,
ਧਰਤੀ ਤੇ ਅਸਮਾਨ ਵਲ ਵੇਖਦੀ !!!

ਸ਼ਾਦੀ ਤੋਂ ਪਹਿਲਾਂ, ਅਸੀਂ ਵੀ ਕਈ ਵਾਰ,
ਇਸ ਦੋਮੇਲ ਵਾਂਗ ਮਿਲਦੇ ਰਹੇ ਸਾਂ,
ਭਰਮ ਦੇ ਸੱਚ ਨੂੰ ਭੋਗਦੇ !!!

ਹੁਣ ਉਹ ਦੋਮੇਲ ਨੂੰ, ਰੁੱਤ-ਹੀਣ ਆਖਦੀ ਹੈ...
ਤੇ ਰੁੱਤ-ਹੀਣ ਖਲਾਅ ਵੀ !!!

ਮੇਰੇ ਵਲਾਂ ਵੇਖਦੀ ਹੋਈ,
ਆਪਣੀ ਖਾਮੋਸ਼ ਭਾਸ਼ਾ ਵਿੱਚ,
ਆਪਣੇ ਆਪ ਨਾਲ, ਦੋਮੇਲ ਨਾਲ,
ਮੇਰੇ ਨਾਲ, ਗੱਲਾਂ ਕਰਦੀ ਹੈ
ਤੇ ਕਹਿੰਦੀ ਹੈ :
ਅਸੀਂ ਸੱਚ ਜੀਵਿਆ ਹੈ,
ਜੀਵਨ ਦੀਆਂ ਅਨੇਕ ਰੁੱਤਾਂ ਦਾ !
ਦੋਮੇਲ ਵਾਂਗ, ਅਸੀਂ ਕੇਵਲ ਭਰਮ ਨਹੀਂ,
ਇੱਕੋ ਥਾਂ 'ਤੇ, ਬੇ-ਮਿਲਾਪ ਨਹੀਂ ਖੜ੍ਹੇ ...
ਪੋਤੇ ਪੋਤੀਆਂ ਵਿੱਚ, ਅਸੀਂ
ਜ਼ਿੰਦਗੀ ਨੂੰ ਅੱਗੇ ਤੋਰਿਆ ਹੈ।
ਸੋਚ ਨੂੰ ਜਜ਼ਬਾਤ ਨਾਲ ਜੋੜਿਆ ਹੈ !!!

ਮੈਂ,
ਉਸਦੇ ਹੱਥ ਨੂੰ ਥਪਥਪਾਂਦਾ ਹਾਂ,
ਉਹਦੇ ਵਲ ਵੇਖਦਾ,
ਮੁਸਕਰਾਂਦਾ ਹਾਂ !!!
ਉਮਰ ਦਾ,
ਉਹ ਵੀ ਇਕ ਅੰਦਾਜ਼ ਸੀ,
ਇਹ ਵੀ ਇਕ ਅੰਦਾਜ਼ ਹੈ !!!



## ਪੰਜ-ਫਾੜ* ਚੇਤਨਾ

ਪੰਜ ਮਿੱਤਰ,
ਜੀਵਨ ਦੇ ਸਫਰ ਉੱਤੇ,
ਇਕੱਠੇ ਤੁਰੇ ਸਨ।

ਜਾਪਦਾ ਸੀ :
ਉਹ ਆਪਣੇ ਆਪ ਵਿੱਚ,
ਇਕ ਮੁਕੰਮਲ ਦੁਨੀਆ ਹਨ...
ਤੇ ਬਾਕੀ ਸਭ, ਸੰਦਰਭ।

ਉਹ ਸੰਵੇਦਨਸ਼ੀਲ ਤੇ
ਮਜ਼ਬੂਤ ਪੰਜਾ ਸਨ ...
ਤੇ ਬਾਕੀ ਸਭ ਦਿਸਦਾ, ਅਣਦਿਸਦਾ,
ਉਨ੍ਹਾਂ ਦੀ ਮੁੱਠੀ ਵਿੱਚ ਸੀ।

ਉਹ ਪੰਜ-ਚਿਹਰਾ, ਇਕ ਵਜੂਦ ਸਨ।

ਉਨ੍ਹਾਂ ਦੀਆਂ ਦਸ ਲੱਤਾਂ...
ਤੇ ਦਸ ਅੱਖਾਂ ਸਨ।

ਉਨ੍ਹਾਂ ਦੀਆਂ ਅੱਖਾਂ ਵਿੱਚ :
ਅਸਮਾਨ ਤੇ ਸਮੁੰਦਰ,
ਬੱਦਲ ਤੇ ਸੱਤਰੰਗੀਆਂ,

ਹਵਾਵਾਂ ਤੇ ਬਾਦਬਾਨ,
ਧਰਤੀ ਨੂੰ ਚੁੰਮ ਰਿਹਾ ਅਸਮਾਨ–
ਸੂਰਜ, ਚੰਦ, ਸਿਤਾਰੇ,
ਪਿੰਡ, ਬ੍ਰਹਮੰਡ, ਸਭ ਸਨ।

ਤੁਰਦੇ, ਤੁਰਦੇ,
ਉਹ ਆਪਣੇ ਆਪ ਤੋਂ,
ਬਹੁਤ ਅੱਗੇ ਨਿਕਲ ਗਏ :

*ਪੰਜ-ਫਾੜ ਹੋ ਗਏ !!!!!

ਇਕ ਆਪਣੀਆਂ ਡੂੰਘਾਈਆਂ ਵਿੱਚ ਡੁੱਬ ਗਿਆ !

ਦੂਜਾ ਰਾਹਾਂ ਦੀਆਂ ਭੁੱਲ-ਭੁਲੱਈਆਂ ਵਿੱਚ ਖੋ ਗਿਆ !!

ਤੀਜਾ ਤੁਰਦਾ, ਤੁਰਦਾ, ਆਪਣੇ ਅੰਦਰ ਖਲੋ ਗਿਆ !!!

ਚੌਥਾ ਆਪਣੀ ਹੀ ਦਲਦਲ ਵਿੱਚ ਖੁੱਭ ਗਿਆ !!!!!

ਹੁਣ, ਉਹ ਇਕੱਲਾ ਹੈ।

ਉਸ ਕੋਲ ਅਸਮਾਨ, ਸਮੁੰਦਰ,
ਬੱਦਲ, ਸੱਤਰੰਗੀਆਂ,
ਹਵਾਵਾਂ, ਬਾਦਬਾਨ,
ਧਰਤੀ ਨੂੰ ਚੁੰਮ ਰਿਹਾ ਅਸਮਾਨ,
ਸੂਰਜ, ਚੰਦ, ਸਿਤਾਰੇ,
ਪਿੰਡ, ਬ੍ਰਹਮੰਡ, ਸਭ ਹਨ :

ਨਜ਼ਰ ਦੀ ਵਿੱਥ ਉੱਤੇ ...

ਪਰ ਉਹ ਚਾਰ ਨਹੀਂ ਹਨ !!!!



ਇਕ-ਉਂਗਲਾ ਇਹ ਪੰਜਾ ਹੁਣ ਕੀ ਕਰੇ ?

ਉਸ ਨੂੰ ਜਾਪਦਾ ਹੈ :

ਆਪਣੇ ਅੰਦਰਲੇ ਪੰਛੀ ਦਾ,
ਉਹ ਆਪ ਹੀ ਪਿੰਜਰਾ ਬਣ ਗਿਆ ਹੈ !
ਖੰਭ ਹੁੰਦਿਆਂ ਵੀ, ਉੱਡ ਨਹੀਂ ਸਕਦਾ !!!!

ਚਾਰ ਦਿਸ਼ਾਵਾਂ ਦੇ ਵਿੱਚ ਵਿੱਚਕਾਰ,

ਉਹ ਦਿਸ਼ਾ-ਹੀਣ ਹੋ ਗਿਆ ਹੈ !!!!

ਕਿਉਂ ਹੋ ਗਿਆ ਹੈ ????

* ਪੰਜ-ਫਾੜ ਚੇਤਨਾ : ਪੰਜ ਭਾਗਾਂ ਵਿੱਚ ਪਾਟੀ ਹੋਈ ਚੇਤਨਾ

# ਇਕ ਆਧੁਨਿਕ ਪ੍ਰੇਮੀ ਦਾ ਆਤਮ-ਕਥਨ

ਪਹਿਲੀ ਮੁਹੱਬਤ ਮਿਲੀ, ਤਾਂ
ਉਹ ਇਕ ਘਰ ਮੰਗਦੀ ਸੀ...

ਪਰ ਮੈਂ,
ਘਰ ਨਹੀਂ,
ਸੁਫਨਾ ਸਾਂ !!!

ਮੇਰੀ ਨਜ਼ਰ,
ਘਰਾਂ 'ਚੋਂ ਗੁਜ਼ਰਦੀ ਹੋਈ ਵੀ,
ਘਰਾਂ ਤੋਂ ਪਾਰ ਜਾਂਦੀ ਸੀ !

ਸੁਫਨੇ ਬੀਜਣ ਵਾਲੇ,
ਇਕ ਸੁਫਨੇ ਨਾਲ ਨਹੀਂ ਬੱਝਦੇ !!!



# ਸਰੀਅਲਿਜ਼ਮ ਵਿੱਚ ਘਿਰੇ ਵਜੂਦ

ਸਿੱਧਾ,
ਪੁੱਠਾ ਹੋ ਗਿਆ ਹੈ।
ਪੁੱਠਾ,
ਸ਼ਬਦ ਵਿੱਚ ਨਹੀਂ ਸਮਾਇਆ,
ਅਰਥ ਵਿੱਚ ਖੋ ਗਿਆ ਹੈ।

ਸ਼ਾਇਦ ਇਸੇ ਲਈ, ਦਰਿਆ
ਪਰਬਤ ਵਲਾਂ ਤੁਰ ਪਿਆ ਹੈ
ਤੇ ਸਾਗਰ,
ਘਟਾਟੋਪ ਬੱਦਲ ਹੋ ਗਿਆ ਹੈ!

ਪੀਂਘਾਂ,
ਨਜ਼ਰ ਵਿੱਚ ਹਨ:
ਝੂਟਦੇ, ਝੂਟਦੇ,
ਬੱਦਲਾਂ 'ਚੋਂ,
ਕਿਣ ਮਿਣ,
ਕਿਰ ਰਹੇ ਹਾਂ!!!

ਅਸੀਂ ਆਪਣੀ ਹੀ ਹੋਂਦ ਦੇ,
ਸਰੀਅਲਿਜ਼ਮ[1] ਵਿੱਚ ਘਿਰ ਰਹੇ ਹਾਂ!!!

---

1. ਸਰੀਅਲਿਜ਼ਮ : Surrealism, ਪਰਯਥਾਰਥਵਾਦ, ਅਤਿਯਥਾਰਥਵਾਦ, ਅਤਿਅੰਤਵਾਦ – ਕਲਾ ਦੀ ਇਕ ਧਾਰਾ/ਵਿਧੀ, ਜਿਸ ਵਿੱਚ Salvador Dali, Pablo Picasso, Rene Magritte, Andre Bretan, Max Ernst ਆਦਿ ਪ੍ਰਸਿੱਧ ਨਾਮ ਹਨ। ਕਵਿਤਾ ਵਿੱਚ ਵੀ ਇਸ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ।

# ਤੁਰਦੇ ਫਿਰਦੇ ਕੰਪਿਊਟਰ

ਨਾ ਇਹ ਆਸ਼ਕ, ਨਾ ਇਹ ਕਾਮੀ,
ਨਾ ਇਹ ਪੀਰ, ਪੈਗ਼ੰਬਰ।
ਇਕ ਮ੍ਹੀਨੇਂ * ਵਿੱਚ ਬਾਰਾਂ ਮ੍ਹੀਨੇਂ,
ਚੜ੍ਹਿਆ ਰਹੇ ਦਸੰਬਰ।

ਬੇਰੁੱਤੇ, ਅਹਿਸਾਸ ਤੋਂ ਸੱਖਣੇ,
ਰਿਸ਼ਤੇ ਸਿਫਰੇ, ਅੱਧੇ, ਪੌਣੇ-
ਇਕ ਦੂਜੇ ’ਤੇ ਚੜ੍ਹ ਚੜ੍ਹ ਉੱਤਰਨ,
ਬਿਜਲੀ ਦੇ ਖਿਡੌਣੇ।

ਹੋਰ ਕਿਸੇ ਦੀ ਸੋਚ ਨੂੰ ਸੋਚਣ,
ਆਪਣੇ ਪੰਨੇਂ ਕੋਰੇ।
ਨਾਲ ਮਖੌਟੇ, ਮਿਲੇ ਮਖੌਟਾ,
ਖੁਦ ਹੀ ਖੁਦ ਤੋਂ ਦੌੜੇ।

ਹੋਂਦ-ਵਿਹੂਣੇ ਬੁੱਤ ਤੁਰਦੇ ਨੇ,
ਭੀੜਾਂ ਦੇ ਭਟਕਾਏ।
ਨਿਰੇ ਵਿਹਾਰਕ ਪੁਤਲੇ ਜਾਪਣ,
ਖੁਦ ਨੂੰ ਸਮਝ ਨਾ ਪਾਏ।

ਕੰਪਿਊਟਰ ਦੀ ਸੱਭਿਅਤਾ ਹੈ ਇਹ,
ਆਪਣੀ ਖੇਡ, ਖਿਡਾਵੇ।



ਰੱਬ, ਸ਼ੈਤਾਨ ਵੀ ਇਸ ਦੇ ਚਾਕਰ,
ਕਾਲ ਵੀ ਬੱਝਾ ਇਸ ਦੇ ਪਾਵੇ।

ਤੁਰਦੇ ਫਿਰਦੇ ਕੰਪਿਊਟਰ ਨੇ,
ਏਸ ਸਦੀ ਦੇ ਇਹ ਇਨਸਾਨ।
ਬਟਣ ਦਬਾਇਆਂ ਹਿੱਲਦੇ ਰਹਿੰਦੇ,
ਭੁੱਲ ਗਈ ਸਭ ਪਹਿਚਾਣ।

ਨਾ ਇਹ ਜਾਗਣ, ਸੌਣ ਵੀ ਨਾ ਇਹ,
ਜਾਗੋ-ਸੋਤੇ ਵਿੱਚ ਮਸ਼ੀਨਾਂ-
ਲਟਕੀਆਂ ਆਪ ਖਲਾਅ ਦੇ ਅੰਦਰ,
ਖੁੱਸੀਆਂ ਸਭ ਜ਼ਮੀਨਾ।

* ਮ੍ਹੀਨੇ : ਮਹੀਨੇ

# ਕਰਤਾਰ ਪੁਰ ਦਾ ਲਾਂਘਾ : ਕੁਝ ਪ੍ਰਭਾਵ

ਰੱਬ ਹੀ ਝੂਠਾ
ਰੱਬ ਹੀ ਸੱਚਾ
ਰੱਬ ਹੀ ਵਿੱਚ ਮੰਝਧਾਰ ???

ਵਾਹਗੇ ਦੇ ਇਸ ਪਾਰ,
ਓ ਬੁੱਲ੍ਹਿਆ !
ਵਾਹਗੇ ਦੇ ਉਸ ਪਾਰ !!!

ਵੇਖ ਕਿਵੇਂ ਲਾਈਨਾਂ ਵਿੱਚ ਲੱਗੇ,
ਧਰਮ, ਸਿਆਸਤ,
ਸਭ ਹੀ ਠੇਕੇਦਾਰ !
ਨਾ ਕੋਈ ਹਸਤੀ,
ਨਾ ਹੀ ਹੈ ਕਿਰਦਾਰ,
ਓ ਬੁੱਲ੍ਹਿਆ !
ਨਾ ਸਾਡਾ ਇਹ ਪਾਰ,
ਓ ਬੁੱਲ੍ਹਿਆ,
ਨਾ ਸਾਡਾ ਉਹ ਪਾਰ !!!

ਮਨ ਵਿੱਚ ਟੁੱਭੀ ਮਾਰ,
ਓ ਬੁੱਲ੍ਹਿਆ !
ਮਨ ਵਿੱਚ ਸਗਲ ਦੁਆਰ !!!



# ਮੇਰਾ ਪਿੰਜਰਾ

ਪਿੰਜਰਾ...
ਮੇਰੇ ਨਾਲ ਹੀ ਪੈਦਾ ਹੋ ਗਿਆ ਸੀ !!!

ਇਸ ਵਿੱਚ ਹੀ ਦੁੱਧ ਚੁੰਘਿਆ,
ਹੱਸਿਆ, ਰੋਇਆ, ਖੇਡਿਆ,
ਵੱਡਾ ਹੋਇਆ।

ਸੰਘਰਸ਼ ਵੀ,
ਪਿੰਜਰੇ ਵਿੱਚ ਹੀ ਕੀਤੇ।
ਆਪਣੇ, ਬੇਗਾਨੇ ਪਛਾਣੇ।

ਕਦੇ ਇਸ ਨਾਲ,
ਕਦੇ ਉਸ ਨਾਲ ਲੜਿਆ।

ਅੰਤਿਮ ਯੁੱਧ ਲਈ,
ਸਦਾ ਹੀ,
ਆਪਣੇ ਸਨਮੁਖ ਆ ਖੜਿਆ !!!

ਲੜਾਈ ਮੇਰੀ ਹੀ,
ਮੇਰੇ ਨਾਲ ਹੀ ਸੀ !!!

ਡੋਰਾਂ, ਖਿੱਚਾਂ ਤੋਂ ਮੁਕਤ, ਮੈਂ
ਪੂਰਨ ਆਜ਼ਾਦੀ ਲੋਚਦਾ ਸਾਂ।

ਮੇਰੇ ਤਨ ਨੇ, ਮੇਰੇ ਹੀ ਦੁਆਲੇ,
ਮੇਰੀਆਂ ਸੀਮਾਵਾਂ
ਤੈ ਕਰ ਦਿੱਤੀਆਂ !!!

ਹੋਰ ਕੋਈ ਚਾਰਾ,
ਕੋਈ ਰਸਤਾ ਨਹੀਂ ਸੀ,
ਪੂਰਨ ਆਜ਼ਾਦੀ ਦੀ ਪ੍ਰਾਪਤੀ ਲਈ ।

ਪੂਰਨ ਆਜ਼ਾਦੀ ਦੀ ਪ੍ਰਾਪਤੀ ਲਈ,
ਕੀ ਇਸ ਤਨ,
ਇਸ ਪਿੰਜਰੇ ਤੋਂ,
ਮੁਕਤ ਹੋਣ ਦੀ ਲੋੜ ਸੀ ???

ਪਿੰਜਰ ਦੇ,
ਪਿੰਜਰੇ ਵੱਲ ਵੇਖਦਿਆਂ,
ਸ਼ੇਖ ਫਰੀਦ ਦੇ ਬੋਲ ਸੁਣਾਈ ਦਿੰਦੇ ਹਨ:

"ਕਾਗਾ ਕਰੰਗ ਢੰਡੋਲਿਆ
ਸਗਲਾ ਖਾਇਆ ਮਾਸ
ਇਹ ਦੋਇ ਨੈਨਾਂ ਮਤਿ ਛੋਹਿਓ
ਮੋਹੇ ਪਿਰ ਦੇਖਨ ਕੀ ਆਸ"...।



## ਇਕ-ਮੁਖੀ

ਰੁੱਖਾਂ ਤੋਂ ਰੁੱਖ, ਬੇਮੁੱਖ ਹੋਏ,
ਕੱਲੇ, ਕੱਲੇ, ਰਹਿੰਦੇ।
ਆਪਣਾ ਆਪ ਭੋਗਦੇ ਆਪੇ,
ਆਪਣੇ ਆਪ 'ਚ ਰਹਿੰਦੇ।

ਮਹਾਂ ਨਗਰ ਵੀ ਰੂਪ ਹੈ ਵਣ ਦਾ,
ਹਰ ਘਰ, ਆਪਣੀ ਆਪ ਇਕਾਈ।
ਘਰ ਵੀ ਵੰਡਿਆ, ਕਮਰਿਆਂ ਦੇ ਵਿੱਚ,
ਹਰ ਕਮਰਾ ਹੀ ਆਪ ਖੁਦਾਈ !

ਇੱਕੋ ਨਜ਼ਰ ਤੇ ਇਕ ਨਜ਼ਾਰਾ।
ਇਕ ਸੰਕਲਪ ਤੇ ਇਕ ਇਸ਼ਾਰਾ।
ਇਕ ਕਿਸ਼ਤੀ, ਮੰਝਧਾਰ ਤੇ ਸਾਗਰ,
ਇਕ ਹੀ ਆਪਣਾ ਆਪ ਕਿਨਾਰਾ।

ਇਕ ਹੀ ਜੀਵੇ, ਇਕ ਹੀ ਮੰਗੇ,
ਇਕ ਹੀ ਆਪਣੀ ਆਪ ਲੋਕਾਈ।
ਇਕ ਦਾ ਇਕ ਦੇ ਨਾਲ ਯਰਾਨਾ,
ਪਿੰਡ, ਪਿੰਡ, ਬ੍ਰਹਮੰਡ ਦੀ ਰੁਸ਼ਨਾਈ !!!

# ਲਗਾਤਾਰ ਖੁਰ ਰਹੇ : ਬੇ-ਵਜੂਦ

ਗਿੱਲੀ ਬਰਫ ਹੇਠ,
'ਨ੍ਹੇਰਾ ਹੋ ਗਿਆ ਹੈ।

ਪੈਰਾਂ ਤਕ ਦਿਸਦੇ ਰਾਹ ਵਿੱਚ,
ਜਾਪਦਾ ਹੈ, ਜਿਵੇਂ
ਸਮਾਂ ਖੜੋ ਗਿਆ ਹੈ !

ਗਿੱਲੀ ਬਰਫ,
ਹੱਥ 'ਤੇ ਪੈਂਦਿਆਂ ਹੀ,
ਖੁਰ ਜਾਂਦੀ ਹੈ !
ਜ਼ਿੰਦਗੀ,
ਜਾਨਣ, ਮਾਨਣ ਤੋਂ ਪਹਿਲਾਂ ਹੀ,
ਟੁਰ ਜਾਂਦੀ ਹੈ !

ਮੈਂ ਵੀ ਗਿੱਲੀ ਬਰਫ ਵਾਂਗ,
ਨਾ ਪਾਣੀ,
ਨਾ ਬਰਫ,
ਲਗਾਤਾਰ ਖੁਰ ਰਿਹਾ,
ਬੇ-ਵਜੂਦ * !!!

---

* ਬੇ-ਵਜੂਦ : ਵਜੂਦ ਤੋਂ ਬਿਨਾ, ਹੋਂਦ-ਹੀਣ, ਨਿਹੋਂਦਾ



# ਸੱਚ ਪੰਖ ਕਰ ਉੱਡ ਰਿਹਾ

ਭਾਰਤ, ਰੋਮ ਅਤੇ ਯੂਨਾਨ ਦੇ,
ਦੇਵੀ, ਦੇਵਤੇ ਤੇ ਰੱਬ,
ਪੱਥਰ ਦੇ ਬੁੱਤ ਸਨ,
ਮਾਨਵੀ ਰੂਪ ਵਿੱਚ ...
ਪਰ ...
ਅੱਜ ਦੇ ਮਾਨਵ,
ਤੁਰਦੇ ਫਿਰਦੇ ਮਖੌਟੇ ਹਨ !!!

ਉਹ ਵੀ ਇਕ ਭਰਮ ਸਨ,
ਇਹ ਵੀ ਇਕ ਭਰਮ ਹਨ !!!

# ਦਰਪਨ ਤੇ ਮਖੌਟਾ ਸੱਭਿਆਚਾਰ

ਦਰਪਨ ਰੋਜ਼ ਵੇਖੀਦਾ ਹੈ :

ਆਪਣੇ ਨਕਸ਼
ਤੇ ਆਪਣੇ ਤੇਵਰ,
ਨਿਹਾਰਨ ਲਈ...
ਆਪਣੇ ਅੰਦਰ, ਬਾਹਰ,
ਝਾਤ ਮਾਰਨ ਲਈ !

ਪਰ ਅੱਜ,
ਦਰਪਨ ਵਿੱਚ, ਕੇਵਲ
ਮਖੌਟਾ ਦਿਸਦਾ ਹੈ,
ਮੈਂ ਨਹੀਂ !!!

ਮੈਂ,
ਮੈਂ ਦੀ ਤਲਾਸ਼ ਵਿੱਚ,
ਇਸ ਮਖੌਟਾ ਸੱਭਿਆਚਾਰ ਦਾ,
ਇਕ ਹੋਰ ਮਖੌਟਾ ਬਣ ਗਿਆ ਹਾਂ !!!



# ਮੌਸਮ ਤੇ ਉਡਾਣ

ਮੌਸਮ ਆਉਂਦੇ ਹਨ,
ਚਲੇ ਜਾਂਦੇ ਹਨ...

ਪੰਛੀ ਫੇਰ ਵੀ,
ਉਡਾਣ ਭਰਦੇ ਹਨ,
ਜ਼ਿੰਦਗੀ ਦੀ ਗੱਲ ਕਰਦੇ ਹਨ !!!

ਅੰਤਿਮ ਪੜਾਅ 'ਤੇ,
ਤੂੰ ਵੀ,
ਛਿਣ, ਛਿਣ ਬੇਮੁੱਖ ਹੋ ਰਹੀ,
ਜ਼ਿੰਦਗੀ 'ਚੋਂ, ਜ਼ਿੰਦਗੀ ਨੂੰ ਦੇਖ !!!

ਨਿੱਕੀ,
ਨੀਵੀਂ ਹੀ ਸਹੀ,
ਉਡਾਣ ਭਰ !!!

# ਪ੍ਰੀਤ-ਕਥਾਵਾਂ: ਮਨ-ਗੁੰਝਲਾਂ

ਨਾ ਦਿਨ ਚੜ੍ਹਿਆ, ਨਾ ਰਾਤ ਪਈ,
ਸਾਡਾ ਪੰਧ ਲੰਮੇਰਾ ਹੋਇਆ ਹੈ।
ਸ਼ੀਸ਼ੇ ਵਿੱਚ ਅਕਸ, ਬੇ-ਅਕਸ ਹੋਏ,
ਅੱਖਾਂ ਵਿੱਚ ਵਕਤ ਖੜੋਇਆ ਹੈ।

ਸੂਰਜ ਵੀ ਅੱਖਾਂ ਮਲਦਾ ਹੈ
ਤੇ ਰਾਤ ਵੀ ਬੜੀ ਉਣੀਂਦੀ ਹੈ।
ਗਰਦਸ਼ ਵਿੱਚ ਸਭ ਦਿਸ਼ਾਵਾਂ ਨੇ,
ਹਰ ਰਸਤਾ, ਬੇ-ਰਾਹ ਹੋਇਆ ਹੈ।

ਹਰ ਰਾਗਨੀ ਉਲਝੀ ਤਾਰਾਂ ਵਿੱਚ
ਤੇ ਪੱਤਝੜ ਰੁਕੀ ਬਹਾਰਾਂ ਵਿੱਚ,
ਨਾ ਰੰਗ, ਨਾ ਮਹਿਕ, ਨਾ ਫੁੱਲ ਖਿੜੇ,
ਗੁਲਸ਼ਨ ਵੀ ਗੁਮਰਾਹ ਹੋਇਆ ਹੈ।

ਰਾਂਝੇ ਨਾਲ ਸਾਹਿਬਾਂ ਲੜ ਪਈ ਹੈ
ਤੇ ਹੀਰ ਸੱਸੀ ਵਿੱਚ ਵੜ ਗਈ ਹੈ!
ਸਭ ਪ੍ਰੀਤ-ਕਥਾਵਾਂ: ਮਨ-ਗੁੰਝਲਾਂ
ਤੇ ਮਿਰਜ਼ਾ, ਮਜਨੂੰ ਹੋਇਆ ਹੈ!!!



# ਰਿਸ਼ਤੇ: ਬਦਲਦੇ ਸੰਦਰਭ

ਬੀਜ ਪੈਦਾ ਹੁੰਦਿਆਂ ਹੀ,
ਜੰਮਣ ਲਈ ਕਾਹਲੇ ਨੇ!
ਅੱਜ ਦੇ ਯੁਵਕ,
ਰਵਾਇਤ ਦਾ ਖੰਡਨ ਨੇ!!!

ਉਨ੍ਹਾਂ ਲਈ,
ਵਿਆਹ ਦੀ ਸੰਸਥਾ,
ਆਪਣਾ ਵੇਲਾ ਵਿਹਾ ਚੁੱਕੀ ਹੈ।
‘ਨ੍ਹੇਰੇ ਵਿੱਚ ਪਰਛਾਵੇਂ ਵਾਂਗ,
ਆਪਣੀ ਹੋਂਦ ਗਵਾ ਚੁੱਕੀ ਹੈ।

ਜਿਨ੍ਹਾਂ ਦਾ ਉਸਤਾਦ ਕੰਪਿਊਟਰ ਹੋਵੇ,
ਉਨ੍ਹਾਂ ਲਈ,
ਡਰਾਈਵਿੰਗ ਲਾਇਸੈਂਸ ਵਾਂਗ,
ਮਾਨਵੀ ਰਿਸ਼ਤਿਆਂ ਦੇ ਸੰਚਾਲਨ ਲਈ,
ਵਿਆਹ ਦਾ ਲਾਇਸੈਂਸ ਜ਼ਰੂਰੀ ਨਹੀਂ!!!

ਅੱਜ ਦੇ ਯੁਵਕ,
ਮਨ ਦੀ ਬੋਲੀ ਦੇ ਨਾਲ ਹੀ,
ਤਨ ਦੀ ਬੋਲੀ ਵੀ ਬੋਲਦੇ ਨੇ!
ਰੌਸ਼ਨੀ,
ਸੂਰਜ ਦਾ ਸੁਭਾ ਹੈ!!!

ਬਿਨਾ ਕਿਸੇ ਬੰਧਨ ਤੋਂ,
ਮਨ, ਤਨ, ਦਿਲ 'ਚੋਂ,
ਜ਼ਿੰਦਗੀ ਦਾ ਅੱਗੇ ਤੁਰਨਾ ਵੀ,
ਕੁਦਰਤੀ ਸਿਲਸਿਲਾ ਹੈ!!!



## ਇਕ ਬਹੁ-ਵਿਧ ਮਹਾਂ ਗ੍ਰੰਥ

ਜ਼ਿੰਦਗੀ ਇਕ ਬਹੁ-ਵਿਧ ਗੁਲਜ਼ਾਰ ਹੈ!
ਇਕ ਦੀ ਸਮੁੱਚਤਾ,
ਸਮੁੱਚ ਦਾ ਵਿਸਥਾਰ ਹੈ!!!

ਹਰ ਨਵੀਂ ਪੀੜ੍ਹੀ,
ਨਵੇਂ ਰੰਗ, ਨਵੇਂ ਢੰਗ ਲੈ ਕੇ ਆਉਂਦੀ ਹੈ!

ਹੋਰ ਪੀੜ੍ਹੀਆਂ ਵੀ,
ਆਪੋ ਆਪਣੇ ਰੰਗ, ਢੰਗ ਤੇ ਅੰਦਾਜ਼ ਨਾਲ,
ਸਹਿ-ਹੋਂਦ[1] ਦੇ ਵਿੱਚ ਰਹਿੰਦੀਆਂ!!!

ਅਨੇਕ ਬੋਲੀਆਂ, ਨਸਲਾਂ, ਕੌਮਾਂ, ਸੱਭਿਅਤਾਵਾਂ,
ਧਰਮ, ਫਲਸਫੇ, ਵਾਦ, ਵਿਵਾਦ, ਸਮਵਾਦ ਤੇ ਵਿਕਾਸ ਵੀ,
ਏਸ ਵਿਸ਼ਵ ਦਾ ਜੁਗਰਾਫੀਆ[2] ਹਨ!!!

ਏਥੇ ਬਾਰਾਂ ਮਹੀਨੇ, ਚੌਵੀ ਘੰਟੇ,
ਸਮਾਂ, ਰੁੱਤਾਂ, ਰੰਗ, ਰੂਪ,
ਇਕ ਨੇਮ ਦੇ ਵਿੱਚ ਬੀਤਦੇ!!!

ਸੂਰਜ ਇਕ ਹੈ,
ਚਾਨਣ ਵੀ!!!

ਸੱਤ-ਰੰਗੀਆਂ ਵਾਂਗ,
ਜੀਵਨ ਵੀ,
ਕਈ ਰੰਗਾਂ ਦੇ ਵਿੱਚ ਵਿਚਰਦਾ!!!

ਇਹ ਸਭ,
ਇਸ ਬਹੁ-ਵਿਧ ਮਹਾਂ ਗ੍ਰੰਥ ਦੇ,
ਵੱਖੋ ਵੱਖਰੇ ਕਾਂਡ ਹਨ!!!

---

1. ਸਹਿ-ਹੋਂਦ : Co-existence, ਰਲ ਮਿਲਕੇ ਰਹਿਣਾ
2. ਜੁਗਰਾਫੀਆ : ਭੂਗੋਲ, Geography



## ਅਸਥਿਰ ਮਨੋਸਥਿਤੀ : ਐਬਸਰਡ ਦ੍ਰਿਸ਼ਟੀ

ਪੌਣਾਂ ਵਿੱਚ ਲਾਂਬੂ ਘੁੰਮ ਰਹੇ ਨੇ,
ਸਾਗਰ ਵੀ ਅੰਬਰ ਚੁੰਮ ਰਹੇ ਨੇ।
ਝੀਲਾਂ ਵਿੱਚ ਨਦੀਆਂ ਟੁੱਟ ਗਈਆਂ,
ਬਿੰਦੂਆਂ ਵਿੱਚ ਦਾਇਰੇ ਗੁੰਮ ਗਏ ਨੇ।

ਧਰਤੀ ਵੀ ਘੁੰਮਣੋਂ ਹਟ ਗਈ ਏ,
ਸੂਰਜ ਵੀ ਥਿਰ ਨਹੀਂ ਜਾਪ ਰਿਹਾ।
ਤਾਰੇ ਵੀ ਗੁੱਛਾ ਮੁੱਛਾ ਨੇ,
ਚੰਦ ਸ਼ੂਨਯ-ਸੁਰ ਅਲਾਪ ਰਿਹਾ।

ਅੰਬਰ ਨੇ ਭਰਮ ਮਿਟਾ ਦਿੱਤਾ,
ਧਰਤੀ ਨੂੰ ਨਜ਼ਰੋਂ ਲਾਹ ਦਿੱਤਾ।
ਕੋਈ ਮੇਲ ਅਤੇ ਦੁਮੇਲ ਨਹੀਂ,
ਸੱਚ, ਭਰਮ ਦਾ ਭੇਦ ਮਿਟਾ ਦਿੱਤਾ।

ਰਾਹਾਂ ਵਿੱਚ ਰਾਹ ਨੇ ਉਲਝ ਰਹੇ,
ਕੋਈ ਮੰਜ਼ਲ, ਕੋਈ ਮੁਕਾਮ ਨਹੀਂ।
ਇਹ ਕਿੱਸਾ ਹੈ ਖਲਾਵਾਂ ਦਾ,
ਕੋਈ ਮੁੱਢ ਨਹੀਂ, ਅੰਜਾਮ ਨਹੀਂ।

ਸੋਚਾਂ ਦੇ ਪਾਗ਼ਲਖਾਨੇ ਵਿੱਚ,
ਵਿਸ਼ ਪੀ ਰਹੇ ਨੇ ਸੁਕਰਾਤ ਕਈ।
ਇਹ ਜੀਵਨ ਇਕ ਅੜਾਉਣੀ[1] ਹੈ,
ਨਾ ਦਿਨ ਪੁੱਗੇ, ਨਾ ਰਾਤ ਗਈ।

ਸੋਚਾਂ ਤੇ ਪ੍ਰਤਿ-ਸੋਚਾਂ ਵਿੱਚ,
ਸਾਡਾ ਆਦਿ ਜੁਗਾਦਿ ਹੈ ਘੁੰਮ ਰਿਹਾ।
ਅੰਕਾਂ[2] ਦੀ ਏਸ ਲੜਾਈ ਵਿੱਚ,
ਸਿਫਰੇ ਨੂੰ ਸਿਫਰਾ ਚੁੰਮ ਰਿਹਾ!!!

1. ਅੜਾਉਣੀ : ਬੁਝਾਰਤ, Puzzle
2. ਅੰਕ : Number - ਅੰਕਾਂ ਦੀ ਏਸ ਲੜਾਈ ਵਿੱਚ : In this war of numbers



# ਮਹਿਬੂਬ ਦਾ ਚਿਹਰਾ

ਭਾਰੀ ਮੀਂਹ ਤੋਂ ਬਾਅਦ,
ਮੀਂਹ ਹਲਕਾ ਹੋ ਗਿਆ ਹੈ-
ਧਰਤੀ ’ਤੇ,
ਬੁਲਬੁਲਿਆਂ ਦੀ ਹਰਕਤ ਵਿੱਚ,
ਸਮਾਂ ਖਲੋ ਗਿਆ ਹੈ !!!

ਹਲਕੀ ਬੂੰਦਾ ਬਾਂਦੀ ’ਚੋਂ ਅਚਾਨਕ,
ਸੂਰਜ ਨਿਕਲ ਆਇਆ ਹੈ-
ਸਵਾਗਤ ਲਈ,
ਸੱਤਰੰਗੀ, ਗੇਟ ਸਜਾਇਆ ਹੈ !

ਜ਼ਿੰਦਗੀ ਜਦੋਂ ਵੀ,
ਬੰਜਰ ਤੇ ਥਲ ਹੋਣ ਦਾ ਅਹਿਸਾਸ ਦਿੰਦੀ ਹੈ,
ਤਾਂ ਸਮਾਂ,
ਸਮੇਂ ਦੀ ਕੁਦਰਤ,
ਉਸ ਨੂੰ ਹਰਭਰਿਆ* ਦਿੰਦੀ ਹੈ।
ਆਪਣੇ ਹੀ ਸ਼ੀਸ਼ੇ ’ਚੋਂ,
ਮਹਿਬੂਬ ਦਾ ਚਿਹਰਾ ਵਿਖਾ ਦਿੰਦੀ ਹੈ !!!

* ਹਰਭਰਿਆ : ਹਰਾ ਭਰਾ

# ਮੁਹੱਬਤ, ਸਾਈਕਲ ਤੇ ਸਟੇਅਰਿੰਗ

ਮੁਹੱਬਤ,
ਚੌਕ ਵਿੱਚ ਖੜ੍ਹਕੇ,
ਮੱਘਾ ਕੱਢਣ ਦਾ ਨਾਮ ਨਹੀਂ।

ਚੇਤਨਾ ਤੇ ਆਤਮਾਂ ’ਚੋਂ ਉੱਠਦਾ,
ਇਹ
ਖ਼ਾਮੋਸ਼ੀਆਂ ਦਾ ਗੀਤ ਹੈ !

ਹਲਕੇ, ਹਲਕੇ ਸਰੂਰ ਵਿੱਚ,
ਅੱਖਾਂ ਤੇ ਛੁਹ,
ਬਹੁਤ ਕੁਝ ਬੋਲ ਜਾਂਦੇ ਹਨ।

ਮੁਹੱਬਤ ਤੇ ਜ਼ਿੰਦਗੀ,
ਹੱਥ ਛੱਡਕੇ,
ਸਾਈਕਲ ਚਲਾਉਣ ਦਾ ਨਾਮ ਨਹੀਂ !!!

ਦਸ਼ਾ ਤੇ ਦਿਸ਼ਾ ਕੋਈ ਵੀ ਹੋਵੇ,
ਸਟੇਅਰਿੰਗ,
ਹਰ ਸਮੇਂ,
ਆਪਣੇ ਕੰਟਰੋਲ ਵਿੱਚ ਚਾਹੀਦਾ ਹੈ !!!

---

1. ਨਿਯੰਤਰਨ : Discipline
2. ਅਰਾਜਕਤਾ : Anarchy
3. ਸਅੰਤ : ਜਿਸਦਾ ਅੰਤ ਨਿਸ਼ਚਤ ਹੋਵੇ, One that has a definite end



# ਆਧੁਨਿਕ ਆਸ਼ਕ : ਦਿਲ ਦਾ ਨੈੱਟਵਰਕ

ਮੈਨੂੰ ਪਤਾ ਹੈ ਕਿ
ਤੂੰ ਸਦਾ ‘ਅਨੇਕ’ ਵਿੱਚ,
‘ਇਕ’ ਦੀ ਗੱਲ ਕਰਨੀ ਹੈ ...

ਤੇ ਮੈਂ ਸਦਾ,
‘ਇਕ’ ਵਿੱਚ ‘ਅਨੇਕ’ ਦੀ !!!

ਤੇਰੇ ਨਾਲ ਬੋਲਦਿਆਂ ਵੀ,
ਮੇਰੇ ਸਿਮਰਨ ਵਿੱਚ,
ਅਨੇਕ ਯੁਵਤੀਆਂ ਦੇ ਚਿਹਰੇ,
ਉੱਭਰਦੇ ਰਹਿੰਦੇ ਹਨ !!!

ਸਵਾਲ ਕੁਝ ਪਾਉਣ ਦਾ ਨਹੀਂ,
ਕੁਝ ਗੁਆਉਣ ਦਾ ਵੀ ਹੈ ...

ਤੇ ਉਂਜ ...
ਗੁਆਚਦਾ ਵੀ ਕੌਣ ਹੈ ?

ਇਹ ਦਿਲ,
ਜਿਸ ਦੀ ਵੀ ਫੋਟੋ ਖਿੱਚ ਲਵੇ,
ਉਹ ਸਦਾ, ਇਸ ਦੇ,
ਡਿੱਜ਼ੇਟਲ ਨੈੱਟਵਰਕ ’ਤੇ ਹੀ ਰਹਿੰਦੀ ਹੈ !!!

## ਮੁਹੱਬਤ : ਆਦਿਕਾਲੀ ਦਾਸਤਾਨ

ਬਰਫ਼ ਅਤੇ ਗਲੇਸ਼ੀਅਰ ਹੇਠੋਂ,
ਝਰਨਾਂ ਫੁੱਟ ਪਿਆ।

ਦਰਿਆਵਾਂ ਸੰਗ,
ਬਾਗ਼ਾਂ ਫਸਲਾਂ,
ਵਣ ਤ੍ਰਿਣ,
ਜਲ-ਜੀਵਨ
ਤੇ
ਪੰਖੀਆਂ ਦਾ,
ਇਕ ਸਿਲਸਿਲਾ ਤੁਰ ਪਿਆ !!!

ਸ਼ਬਨਮ ...

ਸੂਰਜ ਤੇ ਸਮੁੰਦਰ ਵਿਚਕਾਰ,

ਬਾਰ ਬਾਰ ਘਟਣ ਵਾਲਾ,

ਆਪਣੀ ਹੀ ਕਿਸਮ ਦਾ,
ਇਕ ਛਿਣਭੰਗਰਾ ਚਮਤਕਾਰ ਹੈ !!!

ਮੁਹੱਬਤ ਵੀ,
ਮਰਦ ਤੇ ਔਰਤ ਵਿੱਚ ਵੱਸਦਾ,
ਮੁਅਜ਼ਾ ਹੈ-



ਜੁ ਦੋ ਨੂੰ ਇਕ...
ਤੇ ਇਕ ਨੂੰ ਸੰਸਾਰ ਬਣਾ ਦਿੰਦਾ ਹੈ !!!

ਧਰਤੀ ਵੀ ਮਾਂ ਹੈ...
ਔਰਤ ਵੀ,
ਮਾਂ ਹੈ !!!

# ਵਰਚੂਅਲ ਮੁਹੱਬਤ[1]

ਆਓ...
ਵਰਚੂਅਲ ਮੁਹੱਬਤ ਕਰੀਏ।

ਨਾ ਹਿੰਗ ਲੱਗੇ ਨਾ ਫਟਕੜੀ,
ਆਪਣੇ ਘਰ ਬੈਠੇ ਹੀ,
ਇਕ ਦੂਜੇ ਦੇ ਮਨ 'ਚੋਂ,
ਇਕ ਦੂਜੇ ਦੇ ਤਨ 'ਚੋਂ,
ਖਹਿ, ਘਸਰ ਕੇ ਲੰਘ ਜਾਈਏ !

ਕੋਰੋਨਾ-ਕਾਲ[2] ਦਾ,
ਵਰਚੂਅਲ ਯੁੱਗ[3] ਹੈ !!!

ਖਿਆਲਾਂ ਹੀ ਖਿਆਲਾਂ ਵਿੱਚ,
ਕੀ ਨਹੀਂ ਸੰਭਵ ???

ਕਿਸੇ ਨੂੰ ਮਨ ਵਿੱਚ ਵਸਾ ਲੈਣਾ...
ਤੇ ਮਨ ਨੂੰ ਤਨ ਫੜਾ ਦੇਣਾ,
ਮੁਹੱਬਤ ਹੀ ਤਾਂ ਹੈ !!!

ਬੱਸ,
ਦਿਲ ਵਿੱਚ
ਟੱਲੀ ਖੜਕਣੀ ਚਾਹੀਦੀ ਹੈ...
ਤੇ ਤਨ ਵਿੱਚ ਸਹਿਜ ਆਨੰਦ !!!



ਮਨ ਤੇ ਤਨ ਦਾ
ਦਵੈਤ ਮਿੱਟ ਜਾਣਾ ਹੀ,
ਵਸਤੂ[4] ਵਿੱਚ,
ਅਵਸਤੂ[5] ਦਾ,
ਪੂਰਨ ਸੰਜੋਗ ਹੈ !!!

---

1. ਵਰਚੂਅਲ ਮੁਹੱਬਤ : Virtual love, ਜ਼ੂਮ/Zoom ਦੁਆਰਾ ਬਿਜਲਾਣੂੰ/digital ਮੁਹੱਬਤ
2. ਕੋਰੋਨਾ-ਕਾਲ : Corona Virus/Covid-19 Age
3. ਵਰਚੂਅਲ ਯੁੱਗ : Virtual Age, ਜ਼ੂਮ ਤੇ ਬਿਜਲਾਣੂੰ/Electronic ਸਾਧਨ ਦੁਆਰਾ, ਮੇਲ, ਮੁਹੱਬਤ, ਸੈਮੀਨਾਰ, ਕਵੀ ਦਰਬਾਰ ਆਦਿ ਕਰਨ ਦਾ ਯੁੱਗ
4. ਵਸਤੂ : ਸਥੂਲ, Concrete
5. ਅਵਸਤੂ : ਸੂਖਮ, Abstract

# ਇਕ ਐਬਸਰਡ ਨਾਟਕ ਦੀ ਸਦੀਵੀ ਕਥਾ

ਅਨੇਕਾਂ ਚਿਹਰੇ,
ਅੰਬਰਾਂ 'ਤੇ ਉੱਡ ਰਹੇ,
ਤਾਰਿਆਂ ਨਾਲ ਲਟਕਦੇ,
ਬੱਦਲਾਂ 'ਚੋਂ ਬਰਸਦੇ,
ਝੂਟਦੇ ਸੱਤਰੰਗੀਆਂ !!!

ਫੇਰ ਵੀ ਮੈਂ ਸਵੇਰ ਤੋਂ ਹੀ, ਸੋਚ ਨੂੰ,
ਜਿਸਮ ਤੋਂ ਉਤਾਰਨ ਦੇ ਯਤਨ ਵਿੱਚ ਹਾਂ ...
... ਤੇ
ਯਥਾਰਥ ਤੋਂ ਕਲਪਨਾ ਨੂੰ !!!

ਇਸ ਕਿਰਿਆ ਵਿੱਚ, ਮੈਂ ਇਕ
ਊਲ ਜਲੂਲ ਪੇਂਟਿੰਗ ਬਣ ਕੇ ਰਹਿ ਗਿਆ ਹਾਂ !

ਮੇਰਾ ਆਦਿ, ਮੱਧ ਤੇ ਅੰਤ,
ਇਕ ਦੂਜੇ ਤੋਂ ਟੁੱਟੇ ਹੋਏ,
ਇਕ ਦਾਇਰੇ 'ਚ ਘੁੰਮ ਰਹੇ ਹਨ !

ਮੇਰੀਆਂ ਅੱਖਾਂ, ਅਸਮਾਨ ਵੱਲੋਂ,
ਇਸ ਪੇਂਟਿੰਗ ਨੂੰ ਘੂਰਦੀਆਂ ਹੋਈਆਂ,
ਮੈਨੂੰ ਹੀ ਮੇਰੀ ਪਛਾਣ ਕਰਾ ਰਹੀਆਂ ਹਨ !

ਮੇਰੀ ਸੋਚ ਫਿਰ ਮੇਰੇ ਵਜੂਦ ਵਿੱਚ ਪਰਤ ਆਈ ਹੈ !



ਆਕਾਸ਼ ਨਿਰਮਲ ਹੈ,
ਕੈਨਵਸ ਤੋਂ ਪੇਂਟਿੰਗ ਗ਼ਾਇਬ ਹੈ ...
ਤੇ ਉਸਦਾ ਖਾਲੀਪਨ,
ਹੋਂਦ, ਹੋਣ ਤੇ ਨਿਹੋਂਦ ਦੀ ਕਹਾਣੀ ਸੁਣਾ ਰਿਹਾ ਹੈ !!!
ਆਦਿ-ਕਾਲ ਤੋਂ, ਇੱਕੋ ਜਿੰਨਾ ਲੰਮਾਂ,
ਜ਼ਿੰਦਗੀ ਤੇ ਮੌਤ ਦਾ ਗੀਤ ਗਾ ਰਿਹਾ ਹੈ !!!

ਇਸ ਨਾਟਕ ਦੇ ਪਾਤਰ,
ਆਪਣੇ ਆਦਿ, ਮੱਧ ਤੇ ਅੰਤ ਦੀ ਪੂਰੀ ਕਹਾਣੀ ਜਾਣਦੇ ਹਨ !!!
ਫਿਰ ਵੀ ਇਸ ਵਿੱਚ,
ਕਲਪਤ ਉਤਾਰ ਚੜ੍ਹਾ ਲਿਆਉਂਦੇ,
ਸੁਫਨੇ ਲੈਂਦੇ ਤੇ ਵੰਡਦੇ,
ਇਸ ਨਾਟਕ ਨੂੰ ਰੌਚਕ ਬਣਾਈ ਰੱਖਦੇ ਹਨ !!!

## ਸੇਵਾ-ਫਲ

ਔਰਤ ਤੇ ਮਰਦ,
ਮੁੱਢ ਤੋਂ ਹੀ,
ਬੱਚੇ ਪੈਦਾ ਕਰਨ ਵਾਲੀਆਂ,
ਮਸ਼ੀਨਾਂ ਹਨ...
...ਤੇ
ਉਨ੍ਹਾਂ ਦਾ ਦੇਹ-ਸੰਜੋਗ,
ਇਸ ਰਿਸ਼ਤੇ ਦਾ ਮਨੋਰੰਜਨ !

ਸਿਰਜਣ, ਪੁਨਰ-ਸਿਰਜਣ,
ਜੀਵਨ ਤੇ ਪ੍ਰਕਿਰਤੀ ਦੇ ਨਿਯਮ ਹਨ-
ਆਨੰਦ,
ਮਨੋਰੰਜਨ,
ਇਨ੍ਹਾਂ ਦਾ ਸੇਵਾ-ਫਲ* !!!

* ਸੇਵਾ-ਫਲ : ਮੁਆਵਜ਼ਾ, Remuneration



## ਅਪਰਿਭਾਸ਼ਤ ਖਲਾਅ

ਹਰ ਰੋਜ਼,
ਖਿੜਕੀ ਦਾ ਪਰਦਾ ਚੁੱਕਦਿਆਂ ਹੀ,
ਉੱਚੇ ਪਰਬਤ ਦੀ ਟੀਸੀ ’ਤੇ,
ਗਲੇਸ਼ੀਅਰ ਨੂੰ ਢਕ ਰਹੀ ਦੂਧੀਆ ਬਰਫ,
ਮੇਰੀਆਂ ਨਜ਼ਰਾਂ ਦੇ ਸਾਮ੍ਹਣੇ ਹੁੰਦੀ ਹੈ !

ਮਨ ਪਰਬਤ ਜਿੰਨਾ ਉੱਚਾ ਹੋ ਕੇ,
ਕਦੇ ਅੰਬਰ ਛੂੰਹਦਾ ਹੈ ਕਦੇ ਬਰਫ !

ਗਲੇਸ਼ੀਅਰ, ਦਰਿਆ ਤੇ ਸਮੁੰਦਰ ...
ਬੜਾ ਗੂੜ੍ਹਾ ਤੇ ਆਦਿ ਜੁਗਾਦੀ,
ਰਿਸ਼ਤਾ ਹੈ ਇਨ੍ਹਾਂ ਦਾ !
ਇਹ ਮੈਂ ਨਹੀਂ,
ਪਰਬਤ-ਚੋਟੀ ਪਿੱਛੋਂ ਝਾਕਦਾ,
ਸੂਰਜ ਕਹਿੰਦਾ ਹੈ-
ਜਿਸਦੀ ਰੌਸ਼ਨੀ ਵਿੱਚ,
ਵਣ, ਜੀਵ, ਜੰਤ, ਪੰਛੀ,
’ਨ੍ਹੇਰੇ, ਸਵੇਰੇ,
ਬਰਖਾ, ਥਲ, ਸੋਕਾ,
ਕੁਦਰਤ ਵਿੱਚ ਜ਼ਿੰਦਗੀ ਦੀ ਬਾਤ ਪਾਉਂਦੇ ਹਨ !
ਸਭ ਨੂੰ ਜਗਾਉਂਦੇ ਹਨ !!!

ਮੈਂ ਵੀ ਜਾਗ ਰਿਹਾ ਹਾਂ !
ਸੋਚਦਾ ਹਾਂ :
ਮਾਨਵੀ ਰਿਸ਼ਤਿਆਂ ਦੀ ਉਮਰ,
ਏਨੀ ਛੋਟੀ ਕਿਉਂ ਹੁੰਦੀ ਹੈ ?
ਜਿਸਮ ਤੋਂ ਜਿਸਮ ਤਕ ??
ਜੀਣ ਤੋਂ ਮਰਨ ਤਕ ???

ਜੀਵਨ ਦੀ,
ਅਪਰਿਭਾਸ਼ਤ ਖਲਾਅ ਭੋਗ ਰਿਹਾ, ਮੈਂ
ਵੇਖ ਰਿਹਾ ਹਾਂ :
ਪਰਬਤ, ਬਰਫ, ਗਲੇਸ਼ੀਅਰ,
ਸੂਰਜ, ਆਕਾਸ਼ ਤੇ ਉੱਡ ਰਹੇ ਪੰਛੀ...



## ਸਮਾਂ ਤੇ ਸੋਚ

ਸਮਾਂ ਕਦੇ ਨਜ਼ਰ ਨਹੀਂ ਆਉਂਦਾ,
ਨਿਰੰਤਰ ਤੋਰ ਤੁਰਦਾ ਹੈ।

ਸਮੇਂ ਦੇ ਪ੍ਰਭਾਵ, ਜ਼ਰੂਰ
ਵਿਖਾਈ ਦਿੰਦੇ ਹਨ :

ਬਚਪਨ,
ਜਵਾਨੀ,
ਬੁਢਾਪਾ,

ਜੀਵਨ,
ਮੌਤ,
ਬਦਲਦੇ ਮੌਸਮ !!!

ਸ਼ਬਦ,
ਜ਼ਿੰਦਗੀ ਨੂੰ ਸਮਝਣ,
ਸਮਝਾਉਣ ਦਾ ਇਕ ਸਾਧਨ ਹੈ,
ਸਮੇਂ ਨੂੰ ਪਕੜਨ ਦਾ ਔਜ਼ਾਰ ਨਹੀਂ।

ਵੇਦ-ਰਿਸ਼ੀ,
ਮਹਾਤਮਾ ਬੁੱਧ,
ਗੁਰੂ ਨਾਨਕ,

ਕਾਰਲ ਮਾਰਕਸ,
ਜਾ ਪਾਲ ਸਾਰਤ,
ਤੇ ਹੋਰ ਚਿੰਤਕ,
ਨਿਰੰਤਰ ਵਿਗਸ ਰਹੀ,
ਸੋਚ ਦੇ ਪ੍ਰਤੀਕ ਹਨ...
ਸਮੇਂ ਨੂੰ ਪਕੜਨ ਦੇ ਨਹੀਂ !!!

ਸਮੇਂ ਦੇ ਸਮਾਨੰਤਰ ਚੱਲਦੀ,
ਸਾਡੀ ਸੋਚ,
ਸੁਤੰਤਰ ਹੈ,
ਸਮੇਂ ਵਾਂਗ !!!



## ਯਥਾਰਥ ਤੇ ਫੈਂਟਸੀ : ਦੋ ਪ੍ਰਭਾਵ

1.
ਮੈਂ ਮੁਹੱਬਤ ਦੀ ਤਲਾਸ਼ ਵਿੱਚ ਨਿਕਲਿਆ,
ਤਾਂ ਮੈਨੂੰ,
ਕਈ ਚਿਹਰੇ ਮਿਲੇ !
ਉਹ ਚਿਹਰਾ ਕਿੱਥੇ ਹੈ ???

ਹਰ ਮਿਲੇ ਚਿਹਰੇ ਵਿੱਚ,
'ਉਸ ਚਿਹਰੇ' ਦੇ ਇਕ ਦੋ ਨਕਸ਼ ਸਨ,
ਪੂਰਾ ਚਿਹਰਾ ਨਹੀਂ।

ਪੂਰਾ ਚਿਹਰਾ ਕਿੱਥੇ ਹੈ ???

ਹਰ ਚਿਹਰੇ 'ਚੋਂ ਮਿਲੇ ਨਕਸ਼ਾਂ ਨੂੰ ਜੋੜਕੇ,
ਮੈਂ ਉਸ ਚਿਹਰੇ ਦਾ ਕੋਲਾਜ ਬਣਾ ਰਿਹਾ ਹਾਂ।
ਯਥਾਰਥਵਾਦੀ ਹੁੰਦਾ ਹੋਇਆ ਵੀ,
ਫੈਂਟਸੀ[1] ਵਲ ਜਾ ਰਿਹਾ ਹਾਂ।
ਕਲਪਨਾ ਤੇ ਯਥਾਰਥ ਵਿਚਲਾ,
ਫਾਸਲਾ ਮਿਟਾ ਰਿਹਾ ਹਾਂ !!!

2.
ਉਸ ਇਕ ਚਿਹਰੇ ਦੀ ਤਲਾਸ਼ ਵਿੱਚ,
ਕਦੇ ਕਦੇ,

ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਮੈਂ
ਚਿਹਰਿਆਂ[2] ਦੀਆਂ ਭੁੱਲ-ਭੁਲਈਆਂ ਵਿੱਚ,
ਉਲਝ ਗਿਆ ਹੋਵਾਂ।

ਸੋਚਦਾ ਹਾਂ :
ਉਹ ਚਿਹਰਾ ਸੂਖਮ ਹੈ ਜਾਂ ਸਥੂਲ ?
ਉਹ ਚਿਹਰਾ ਹੈ ਵੀ,
ਜਾਂ ਮੇਰਾ ਭਰਮੀਂ-ਸੁਫਨਾ[3] ਹੈ ???

ਖੜੋਤ ਤੋਂ ਚੰਗਾ ਹੈ ਸੁਫਨਾ,
ਜੁ ਖੋਜ ਨੂੰ ਪੰਖ ਲਾਉਂਦਾ,
ਨਿੱਤ,
ਉਡਾਰੀ ਭਰਦਾ ਹੈ !!!

1. ਫੈਂਟਸੀ : Fantasy
2. ਚਿਹਰਿਆਂ ਦੀਆਂ ਭੁੱਲ-ਭੁਲੱਈਆਂ : Maze of faces
3. ਭਰਮੀ ਸੁਫਨਾ : Illusionary dream



# ਮੁਹੱਬਤ : ਚੋਣ ਤੇ ਚੁਣੌਤੀ

ਮੁਹੱਬਤ ਕਰਨ ਲਈ ਵੀ,
ਦੋ ਉਮਰਾਂ ਚਾਹੀਦੀਆਂ ਹਨ,
ਕਿਉਂਕਿ,
ਮੈਂ ਆਪਣੇ ਆਪ ਨੂੰ ਵੀ,
ਬਹੁਤ ਪਿਆਰ ਕਰਦਾ ਹਾਂ !

ਇਕ ਉਮਰ ਤੇਰੇ ਲਈ,
ਇਕ ਉਮਰ ਮੇਰੇ ਲਈ !!!

ਸ਼ਾਇਦ ਇਸੇ ਲਈ,
ਕਈ ਵਾਰ,
ਇੰਜ ਮਹਿਸੂਸ ਹੁੰਦਾ ਰਿਹਾ ਹੈ, ਕਿ
ਕੋਲ ਕੋਲ ਹੁੰਦੇ ਹੋਏ ਵੀ,
ਅਸੀਂ ਕੋਹਾਂ ਦੂਰ ਹਾਂ,
ਦੋ ਧਰੁੱਵਾਂ ਵਾਂਗ !!!

ਦਿਲ ਇਕ ਹੋਣ,
ਤੇ ਇਕ ਦੂਜੇ ਵਿਚ ਅਭੇਦ ਹੋਣ
ਦੀਆਂ ਗੱਲਾਂ,
ਬਤੰਗੜ ਹਨ, ਅਰਥ-ਹੀਣ !
ਚੇਤੰਨ ਵਿਅਕਤੀ ਦਾ ਪਹਿਲਾ ਪਿਆਰ,
ਆਪਣੇ ਆਪ ਦੇ ਨਾਲ ਹੀ ਹੁੰਦਾ ਹੈ।

ਪਿਆਰ ਹੋਰ ਵੀ ਹਨ-
ਚੋਣ ਤੇ ਚੋਣੌਤੀ ਤੁਹਾਡੀ ਹੈ,
ਜ਼ਰੂਰ ਕਰੋ !!!



## ਸੁਫਨਿਆਂ ਨਾਲੋਂ ਟੁੱਟੇ ਵਜੂਦ : ਇਕ ਐਬਸਰਡ* ਹਕੀਕਤ

ਪੰਛੀ ਪਿੱਛੇ ਰਹਿ ਗਿਆ,
ਖੰਭ ਅੱਗੇ ਉੜ ਗਏ !!!

ਬੋਝਲ ਦੇਹ ਦਾ ਭਾਰ,
ਸੁਫਨੇ ਨਾ ਚੁੱਕ ਸਕੇ !!!

ਕੰਢੇ ਖੁਰ ਗਏ !!!

ਨਦੀਆਂ ਦੇ ਵਜੂਦ,
ਪਾਣੀ ਨਾਲ ਹੁੰਦੇ ਨੇ ...

ਨਾ ਕੰਢੇ,
ਨਾ ਪਾਣੀ,
ਨਾ ਖੰਭ,

ਇਹ ਕਿਹਾ ਜੀਵਨ ਹੈ ?

ਖ਼ੁਦ ਲਈ,
ਸਭ ਲਈ ਬੋਝ !!!

---

* ਐਬਸਰਡ : ਊਲ ਜਲੂਲ, Absurd

# ਸ਼ੋਰ ਤੇ ਕਾਫਲਾ

ਤੇਰੇ ਤੇ ਮੇਰੇ ਵਿੱਚਕਾਰ
ਗੀਤ ਤੇ ਧੁਨ ਜਿੰਨਾਂ,
ਫਾਸਲਾ ਹੈ !

ਦੂਰ ਦੂਰ ਤਕ,
ਧੂੜ ਉੱਡ ਰਹੀ,
ਦੋ ਪ੍ਰੇਮੀਆਂ ਦਾ,
ਕਾਫਲਾ ਹੈ !!!

ਏਨੇ ਸ਼ੋਰ ਵਿੱਚ ਵੀ,
ਤੂੰ ਤੇ ਮੈਂ,
ਇਕਾਗਰ ਹਾਂ ...
ਇਹ ਵੀ ਇਕ
ਮੁਅਜਜ਼ਾ ਹੈ !!!



# ਚੱਲਦੀਆਂ ਸੂਈਆਂ ਵਿੱਚ ਖੜ੍ਹਾ ਸਮਾਂ

ਅੰਤਾਂ ਦੀ ਠੰਡ ਹੈ !!!

ਕੁਦਰਤ, ਝੀਲ, ਘਰ,
ਸਭ ਜੰਮ ਗਏ ਹਨ !

ਕਾਰ ਦੇ ਅੰਦਰ ਦੀ ਨਮੀਂ,
ਕਾਰ ਦੇ,
ਸ਼ੀਸ਼ਿਆਂ ਦੇ ਅੰਦਰਲੇ ਪਾਸੇ,
ਧੁੰਦਿਆ ਗਈ ਹੈ।

ਕੁਝ ਵੀ ਨਜ਼ਰ ਨਹੀਂ ਆ ਰਿਹਾ !

ਮੁੱਦਤ ਹੋਈ,
ਤੂੰ ਵੀ ਨਹੀਂ ਪਰਤੀ !!!

ਨਿੱਘ ਅਲੋਪ ਹੋ ਗਿਆ ਹੈ !

ਸੂਈਆਂ ਚੱਲ ਰਹੀਆਂ,
ਪਰ ਸਮਾਂ ਖੜੋ ਗਿਆ ਹੈ !!!

# ਪਾ.ਗਲ

ਬੜੀ ਦੇਰ ਤੋਂ,
ਉਹ ਇਕੱਲਾ ਹੈ...
ਅਪਣੇ ਅੰਦਰ ਵੀ,
ਭੀੜ ਵਿੱਚ ਵੀ !!!

ਇਕੱਲਾ ਆਦਮੀ,
ਆਪਣੀ ਇਕੱਲ ਵਿੱਚ,
ਕਈ ਵਾਰ,
ਅਜਨਬੀਆਂ ਨਾਲ ਵੀ,
ਆਪਣਿਆਂ ਵਾਂਗ ਹੀ,
ਗੱਲਾਂ ਕਰਨ ਲੱਗ ਪੈਂਦਾ ਹੈ।

ਲੋਕ ਆਖਦੇ :
"ਉਹ ਪਾਗਲ ਹੈ !!!"



# ਆਮ ਆਦਮੀ ਤੇ ਸਮਾਂ

ਮੈਂ ਰੁਕ ਗਿਆ ਹਾਂ ?
ਜਾਂ ਸਮਾਂ ਖੜ੍ਹ ਗਿਆ ਹੈ ?

ਜਾਂ ਫਿਰ ਮੈਨੂੰ ਖ਼ਬਰ ਨਹੀਂ,
ਸਭ ਕੁਝ ਜਿਉਂ ਦਾ ਤਿਉਂ ਚੱਲ ਰਿਹਾ ਹੈ ?

ਪ੍ਰਸ਼ਨ ਹੀ ਪ੍ਰਸ਼ਨ ਹਨ ???

ਤੇ ਮੇਲੇ ਵਿੱਚ ਰੇਲੇ ਨਾਲ,
ਆਮ ਆਦਮੀ,
ਨਦੀ ਵਿੱਚ ਪੱਤੇ ਵਾਂਗ,
ਰੁੜ੍ਹਦਾ ਜਾ ਰਿਹਾ ਹੈ ???

ਆਮ ਆਦਮੀ,
ਨਾ ਸਮੇਂ ਦੇ ਅੰਦਰ ਹੁੰਦਾ ਹੈ,
ਨਾ ਬਾਹਰ !!!

ਸਮਾਂ, ਆਮ ਆਦਮੀ ਦੀ
ਪਕੜ ਵਿੱਚ ਨਹੀਂ ਹੁੰਦਾ।
ਨਾ ਸਮੇਂ ਦੀ ਪਕੜ ਵਿੱਚ ਆਮ ਆਦਮੀ !!!

ਆਮ ਆਦਮੀ,
ਸਭ ਦੇ ਨਾਲ ਹੁੰਦਾ ਹੋਇਆ ਵੀ,
ਸਿਰਫ ਇਕੱਲਾ ਹੁੰਦਾ ਹੈ,
ਸਮੇਂ ਵਾਂਗ !

ਸਮਾਂ ਸਭ ਦਾ ਹੁੰਦਾ ਹੋਇਆ ਵੀ,
ਕਿਸੇ ਦਾ ਨਹੀਂ ਹੁੰਦਾ !!!



## ਯਥਾਰਥ ਤੇ ਫੈਂਟਸੀ[1] : ਦੋ ਪ੍ਰਭਾਵ

**1.**

ਮੈਂ ਮੁਹੱਬਤ ਦੀ ਤਲਾਸ਼ ਵਿੱਚ ਨਿਕਲਿਆ,
ਤਾਂ ਮੈਨੂੰ,
ਕਈ ਚਿਹਰੇ ਮਿਲੇ।

"ਉਹ ਚਿਹਰਾ" ਕਿੱਥੇ ਹੈ ???

ਹਰ ਮਿਲੇ ਚਿਹਰੇ ਵਿੱਚ,
"ਓਸ ਚਿਹਰੇ" ਦੇ ਇਕ ਦੋ ਨਕਸ਼ ਸਨ,
"ਪੂਰਾ ਚਿਹਰਾ" ਨਹੀਂ।

"ਪੂਰਾ ਚਿਹਰਾ" ਕਿੱਥੇ ਹੈ ?

ਹਰ ਚਿਹਰੇ 'ਚੋਂ ਮਿਲੇ ਨਕਸ਼ਾਂ ਨੂੰ ਜੋੜਕੇ,
ਮੈਂ "ਉਸ ਚਿਹਰੇ" ਦਾ ਕੋਲਾਜ ਬਣਾ ਰਿਹਾ ਹਾਂ।
ਯਥਾਰਥਵਾਦੀ ਹੁੰਦਾ ਹੋਇਆ ਵੀ,
ਫੈਂਟਸੀ ਵੱਲ ਜਾ ਰਿਹਾ ਹਾਂ।
ਕਲਪਨਾ ਤੇ ਯਥਾਰਥ ਵਿਚਲਾ,
ਫ਼ਾਸਲਾ ਮਿਟਾ ਰਿਹਾ ਹਾਂ !!!

**2.**

ਉਸ ਇਕ ਚਿਹਰੇ ਦੀ ਤਲਾਸ਼ ਵਿੱਚ,
ਕਦੇ ਕਦੇ,
ਮਹਿਸੂਸ ਹੁੰਦਾ ਹੈ,
ਜਿਵੇਂ ਮੈਂ
ਚਿਹਰਿਆਂ ਦੀਆਂ ਭੁੱਲ-ਭੁਲੱਈਆਂ[2] ਵਿੱਚ,
ਉਲਝ ਗਿਆ ਹੋਵਾਂ !!!

ਸੋਚਦਾ ਹਾਂ :
"ਉਹ ਚਿਹਰਾ" ਸੂਖਮ ਹੈ ਜਾਂ ਸਥੂਲ ?

"ਉਹ ਚਿਹਰਾ" ਹੈ ਵੀ ?

ਜਾਂ ਮੇਰਾ ਭਰਮੀਂ[3] ਸੁਪਨ ਹੈ ???

ਸੋਚਦਾ ਹਾਂ :

ਖੜੋਤ ਨਾਲੋਂ ਚੰਗਾ ਹੈ ਸੁਪਨ,
ਜੋ ਖੋਜ ਨੂੰ ਪੰਖ ਲਾਉਂਦਾ,
ਉਡਾਣ ਭਰਦਾ ਹੈ !!!

---

1. ਫੈਂਟਸੀ : Fantasy
2. ਭੁਲ-ਭੁਲੱਈਆਂ : Maze
3. ਭਰਮੀਂ ਸੁਪਨ : Illusionary dream



# ਨਜ਼ਰ ਕੁ ਭਰ ਦਾ ਸਾਥ

ਮੈਂ ਜਦੋਂ ਵੀ ਬਾਹਰ ਨਿਕਲਦਾ ਹਾਂ,
ਧਰਤੀ ਅੰਬਰ ਮੇਰੇ ਨਾਲ ਹੁੰਦੇ ਹਨ,
ਫੁੱਲ, ਮਹਿਕ, ਖ਼ੂਬਸੂਰਤ ਨਜ਼ਾਰੇ।

ਉਹ ਜਦੋਂ ਵੀ ਮਿਲਦੀ ਹੈ,
ਇਸ ਰਾਹ 'ਤੇ ਜਾਂਦਆਂ-
ਮੈਨੂੰ ਵੇਖਦੀ ਹੋਈ ਵੀ,
ਉਸ ਦੀ ਨਜ਼ਰ,
ਆਲੇ ਦੁਆਲੇ 'ਤੇ ਹੁੰਦੀ ਹੈ।

ਬਹੁਤ ਕੁਝ ਕਹਿਣਾ ਚਾਹੁੰਦੀ ਹੋਈ ਵੀ,
ਏਧਰ ਓਧਰ ਵੇਖਦੀ,
ਉਹ ਖਾਮੋਸ਼ ਰਹਿੰਦੀ ਹੈ।

ਇਕ ਨਜ਼ਰ ਤੇ ਬੱਸ,
ਆਲੇ ਦੁਆਲੇ ਵਿੱਚ ਗੁੰਮ,
ਗੁਆਚ ਜਾਂਦੀ ਹੈ !!!

ਸੋਚਦਾ ਹਾਂ :
ਉਮਰ ਭਰ ਦੇ ਸਾਥ ਨਾਲੋਂ,
ਨਜ਼ਰ ਕੁ ਭਰ ਦਾ ਸਾਥ,
ਕਿੰਨਾ ਸੁਹਾਵਣਾ ਹੈ !

ਛਿਣ ਦੀ ਛਿਣ,
ਕਿਸੇ ਵਿੱਚ ਗੁੰਮ ਗੁਆਚ ਜਾਣਾ ...

ਤੇ ਫਿਰ,
ਇਨ੍ਹਾਂ ਰਾਹਾਂ ਉੱਤੇ ਤੁਰਦਿਆਂ,
ਲੱਭਣਾ ਉਸ ਨੂੰ,
ਆਪਣੇ ਆਪ ਨੂੰ ...
ਇਕ ਅਨੰਤ ਸਫਰ।



## ਨਾ ਮੈਂ ਬੁੱਲ੍ਹਾ, ਨਾ ਮੈਂ ਬੁੱਧ

ਜ਼ਿੰਦਗੀ,
ਸ਼ਬਦ ਤੇ ਅਰਥ ਦਾ ਹੀ ਖੇਲ੍ਹ ਹੈ !!!

ਜ਼ਿੰਦਗੀ ਤੋਂ ਬਾਅਦ,
ਮੌਤ ਲਿਖੀ ਹੈ !

ਮੌਤ ਤੋਂ ਬਾਅਦ ਜੋਤ ਹੈ !!!

ਜ਼ਿੰਦਗੀ ਤੇ ਮੌਤ ਵਿਚਕਾਰ,

ਕੋਈ ਬੁੱਲ੍ਹੇ ਸ਼ਾਹ ਬਣਕੇ, ਨੱਚ ਉੱਠਿਆ !

ਕੋਈ ਬੁੱਧ ਬਣ,
ਖਾਮੋਸ਼ ਹੈ,
ਨੂਰੋ ਨੂਰ ਹੋ ਗਿਆ !!!

ਕਿੰਨਾ ਸਫਰ ਹੈ ਮੁੱਕ ਗਿਆ ?
ਤੇ ਕਿੰਨਾ ਅਜੇ ਬਾਕੀ ਪਿਆ ??

ਸਮੇਂ ਵਾਂਗ,
ਸਫ਼ਰ ਨਿਰੰਤਰ ਤੁਰ ਰਿਹਾ,
ਸ਼ਬਦ ਅਤੇ ਅਰਥ ਦਾ ਇਹ ਸਿਲਸਿਲਾ !!!

ਪਰ ਮੈਂ,
... ਪਰ ਮੈਂ ...

ਆਪਣੇ ਆਪ ਦੇ ਵਿੱਚ ਉਲਝਿਆ ???

ਨਾ ਮੈਂ ਬੁੱਲ੍ਹਾ !!!
ਨਾ ਮੈਂ ਬੁੱਧ !!!



# ਕਾਵਿਨਾਟਕਾਰ

ਮੈਂ ਕਾਵਿਨਾਟਕਾਰ ਹਾਂ !

ਰਾਵਣ ਦੇ ਕੇਵਲ ਦਸ ਸਿਰ ਸਨ,
ਮੇਰੇ ਸਿਰ ਵਿੱਚ,
ਸਿਰਾਂ ਦਾ ਅਨਗਿਣਤ,
ਨਿਰੰਤਰ ਸਿਲਸਿਲਾ ਹੈ।
ਇਕ ਦੀ ਨੁਹਾਰ, ਰਫਤਾਰ ਤੇ ਗੁਫਤਾਰ,
ਦੂਜੇ ਨਾਲ ਨਹੀਂ ਮਿਲਦੀ।

ਕਾਵਿਨਾਟਕ ਵਿੱਚ,
ਪਾਤਰ, ਸੰਵਾਦ, ਸੰਗੀਤ, ਗੀਤ,
ਮੰਚ-ਸੱਜਾ ਤੇ ਦਰਸ਼ਨੀ ਪ੍ਰਭਾਵ,
ਮੈਂ ਹੀ ਹੁੰਦਾ ਹਾਂ !

ਮੇਰੇ ਅੰਦਰ, ਪਾਤਰ
ਜੰਮਦੇ, ਵਿਗਸਦੇ, ਬੀਤਦੇ ਤੇ ਮਰਦੇ ਰਹਿੰਦੇ ਹਨ,
ਪਰ ਮੈਂ ਜ਼ਿੰਦਾ ਰਹਿੰਦਾ ਹਾਂ,
ਅਗਲੇ ਕਾਵਿਨਾਟਕ ਨੂੰ ਜਨਮ ਦੇਣ ਲਈ !!!

# ਬੇਨਾਮ ਪੈਗ਼ੰਬਰ

ਰੌਸ਼ਨੀ ਦੇਣ ਲਈ,
ਖੁਦ ਨੂੰ ਬਾਲਣਾ ਪੈਂਦਾ ਹੈ।

ਰੌਸ਼ਨੀ ਦੀ ਭਾਲ ਵਿੱਚ ਜੀਵ ਅਨੇਕ,
ਬਲਦਾ ਕੋਈ, ਕੋਈ।

ਅਜੇ ਤਕ ਵੀ ਬਲ ਰਹੇ,
ਈਸਾ, ਬੁੱਧ, ਸੁਕਰਾਤ,
ਕਨਫਿਊਸ਼ਿਸ, ਗੁਰੂ ਨਾਨਕ !!!

ਬੇਨਾਮ ਬਲ ਰਹੇ,
ਏਸ ਯੱਗ ਦੇ ਅਜੋਕੇ ਪੈਗ਼ੰਬਰ :
ਆਮ ਜਿਹੇ ਲੋਕ !

ਇਤਿਹਾਸ ਕੋਲ, ਇਨ੍ਹਾਂ ਦੀ,
ਕੋਈ ਪਰਿਭਾਸ਼ਾ ਨਹੀਂ !!!



# ਰਿਸ਼ਤਿਆਂ ਦੀ ਮੰਡੀ

ਇਸਤਰੀ ਤੇ ਮਰਦ,
ਇਕ ਦੂਜੇ ਲਈ,
ਪਿਆਰ ਤੇ ਕਾਮ ਦਾ ਆਕਰਸ਼ਨ ਸਨ !
ਜੀਵਨ ਨੂੰ ਅੱਗੇ ਤੋਰੀ ਰੱਖਣ ਲਈ,
ਇਕ ਦਰਸ਼ਨ ਸਨ !

ਸਮਾਂ ਪਾ ਕੇ, ਇਸ ਦਰਸ਼ਨ ਵਿੱਚ,
ਤ੍ਰੇੜਾਂ ਪੈ ਗਈਆਂ।
ਖਪਤ-ਕਲਚਰ ਦੇ ਇਸ ਯੁੱਗ ਵਿੱਚ,
ਦੇਹਾਂ ਵੀ ਵਪਾਰ ਦੀ ਵਸਤੂ ਬਣ ਗਈਆਂ !

ਰਿਸ਼ਤਿਆਂ ਦੀ ਇਸ ਮੰਡੀ ਵਿੱਚ,
ਮਾਵਾਂ, ਧੀਆਂ, ਭੈਣਾਂ, ਰੁਲ, ਬਿਖਰ ਗਈਆਂ !!!

ਇਕ ਦੂਜੇ ਦੀਆਂ,
ਠੰਡੀਆਂ ਛਾਵਾਂ ਕਿੱਧਰ ਗਈਆਂ ???

# ਫਰਜ਼ੀ ਵਿਅਕਤੀ

ਆਪਣੇ ਵੱਲੋਂ,
ਆਪ ਦੇ ਨਾਲ ਹੀ ਲੜ ਰਿਹਾਂ !
ਬਿਨ ਪੌੜੀ, ਮੈਂ
ਕੈਸੀ ਪੌੜੀ ਚੜ੍ਹ ਰਿਹਾਂ ?

ਵਿਰੋਧੀ ਖਿੱਚਾਂ
ਵਿੱਚ ਤਣੀ ਹੈ ਜ਼ਿੰਦਗੀ।
ਖਿੱਚ ਹੀ ਖਿੱਚ ਦਾ ਤੋੜ !
ਵਿੱਚ ਖਿੱਚਾਂ ਦੇ, ਕੌਣ ਜੁ
ਜ਼ੀਰੋ-ਖੇਤਰ ਬਣ ਰਿਹਾ ?

ਇਕ ਮੁੱਖੜਾ, ਤੇ
ਕਈ ਮਖੌਟੇ !!!

ਅਭਿਨਯ ਕਰਦਾ ਕਰਦਾ,
ਮੈਂ ਇਕ,
ਫਰਜ਼ੀ ਵਿਅਕਤੀ ਬਣ ਗਿਆ !!!

ਸਮਾਂ ਬੜਾ ਬਲਵਾਨ !!!
ਰੇਤ ਵਾਂਗ, ਇਸ
ਛਾਨਣੀ ਵਿੱਚੋਂ ਛਣ ਗਿਆ !!!



# ਫੇਸਬੁੱਕ-ਟਿਪਣੀਆਂ

'ਲਾਈਕ', 'ਖੂਬ', 'ਬਹੁਤ ਖੂਬ', 'ਖੂਬਸੂਰਤ',
'ਵਾਹ', 'ਨਾਈਸ', 'ਗੁੱਡ', 'ਵਧੀਆ', 'ਲਾਜਵਾਬ',
ਗੰਭੀਰ ਟਿਪਣੀਆਂ ਨਹੀਂ,
ਵਿਹਾਰਕ ਪ੍ਰਤੀਕਰਮ ਹਨ,
ਪੋਸਟ-ਕਰਤਾ ਦਾ ਚਿਹਰਾ ਵੇਖਕੇ,
ਸਵੈਕਾਰ ਮਸ਼ੀਨ ਵਾਂਗ,
ਤੱਤ-ਭਲੱਤੇ ਵਿੱਚ, ਸੁਭਾਵਕ ਹੀ,
ਦੇ ਦਿੱਤੇ ਜਾਂਦੇ ਹਨ।

ਹੁਣ ਤਾਂ,
ਟਿਪਣੀਆਂ ਦੇ ਵੀ ਫੇਸਬੁੱਕ ਤੋਂ,
ਬਣੇ ਬਣਾਏ ਠੱਪੇ ਮਿਲ ਜਾਂਦੇ ਹਨ।
ਨਾ ਹਿੰਗ ਲੱਗੇ, ਨਾ ਫਟਕੜੀ,
ਜਿਹੜਾ ਮਰਜ਼ੀ, ਜਦੋਂ ਮਰਜ਼ੀ,
ਜਿਸ 'ਤੇ ਮਰਜ਼ੀ, ਠੋਕ ਦਿਓ !!!

ਗੰਭੀਰ ਰਚਨਾ,
ਮਨ ਵਿੱਚ ਤਿੱਖੀ ਚੁੰਜ ਵਾਂਗ,
ਖੁੱਭ ਜਾਂਦੀ ਹੈ ਤੇ ਰਚਨਾ ਨੂੰ,
ਇਕ, ਦੋ ਜਾਂ ਕਈ ਵਾਰ,
ਪੜ੍ਹਨ ਦੀ ਮੰਗ ਕਰਦੀ ਹੈ !!!

ਇਸ ਮੰਥਨ ਪ੍ਰਤਿਮੰਥਨ ਵਿੱਚੋਂ ਹੀ,
ਸਹੀ ਟਿਪਣੀ ਨਿਕਲਦੀ ਹੈ,
ਜਿਸਦੀ ਭਾਸ਼ਾ ਤੇ ਸੋਚ,
ਟਿਪਣੀ-ਕਰਤਾ ਦੀ ਸ਼ਖਸੀਅਤ ਵਾਂਗ ਹੀ,
ਨਿਵੇਕਲੀ ਹੁੰਦੀ ਹੇ।

ਪੋਸਟ ਕਰਨ ਤੋਂ ਪਹਿਲਾਂ,
ਪੋਸਟ-ਕਰਤਾ ਦੇ ਵਜੂਦ ਵਿੱਚ,
ਜੁ ਕੁਝ ਰਿੱਝਿਆ, ਪੱਕਿਆ ਸੀ,
ਉਹ ਕੁਝ ਹੀ,
ਪੋਸਟ-ਪਾਠਕ ਦੇ ਅੰਦਰ,
ਰਿੱਝਣਾ ਪੱਕਣਾ ਚਾਹੀਦਾ ਹੈ !!!

ਬਿਨ ਪੜ੍ਹੇ ਜਾਂ ਬਿਨ ਸਮਝੇ, ਦਿੱਤੇ ਪ੍ਰਤੀਕਰਮ,
ਹਾਂਡੀ ਦਾ ਉਬਾਲ ਹਨ,
ਜਿਨ੍ਹਾਂ ਨੂੰ ਅਕਸਰ,
ਕੜਛੀ ਨਾਲ ਹਟਾ ਦਿੱਤਾ ਜਾਂਦਾ ਹੈ।
ਦਾਲ ਦੇ ਰਿੱਝਣ, ਪੱਕਣ ...
ਤੇ ਉਸਦਾ ਸਵਾਦ ਲੈਣ ਵਿੱਚ,
ਕੁਝ ਸਮਾਂ ਲੱਗਦਾ ਹੈ !!!

ਰੌਸ਼ਨ ਗ਼ਜ਼ਲ,
ਰੌਸ਼ਨ ਹੁੰਗਾਰਾ ਮੰਗਦੀ ਹੈ
ਤੇ ਬੌਧਕ ਕਵਿਤਾ,
ਚਿੰਤਨ, ਮੰਥਨ ਤੇ ਸੰਵਾਦ !!!

ਛੱਡੋ ਪਰ੍ਹਾਂ-
ਏਨੀ ਵਿਹਲ ਕਿਸ ਨੂੰ ਹੈ ???



ਹੁਣ ਤਾਂ ਪ੍ਰੀਖਿਆ ਦੇ, ਪ੍ਰਸ਼ਨਾਂ ਦੇ, ਉੱਤਰ ਵੀ,
ਪਰਚੇ ਵਿੱਚ ਦਿੱਤੇ ਸੰਭਾਵਿਤ ਉੱਤਰਾਂ ਵਿੱਚੋਂ,
ਕਿਸੇ ਇਕ ਉੱਤੇ,
ਨਿਸ਼ਾਨ ਲਾਉਣ ਵਾਲੀ ਗੱਲ ਹੈ।

ਫੇਸਬੁੱਕ ਦੀ ਪੋਸਟ,
ਬੇਨਿਸ਼ਾਨ ਕਿਉਂ ਰਹੇ ???

# ਮੁਰਗੇ ਵਿੱਚ ਬੋਤਲ :
# ਇਕ ਸਾਹਿਤਕ ਰੀਵੀਊਕਾਰ ਦੀ ਆਤਮ-ਕਥਾ

***-ਪੰਜਾਬੀ ਸਾਹਿਤਕਾਰਾਂ ਤੇ ਸਾਹਿਤਕ ਕਲਚਰ ਦੇ ਨਾਂ-***

ਮੈਂ ਇਕ ਦੂਰਦਰਸ਼ੀ, ਵੱਡਦਰਸ਼ੀ,
ਵਿਸ਼ਵ-ਯਾਤਰੂ ਹਾਂ !

ਟੀ.ਵੀ. ਦੇ ਦਸਤਾਵੇਜ਼ੀ ਸੀਰੀਅਲ ਰਾਹੀਂ,
ਲੋਕ, ਦੇਸ਼, ਪਿੰਡ, ਨਗਰ, ਸਭ,
ਘੁੰਮ ਆਇਆ ਹਾਂ !

ਬੋਲੀਆਂ, ਪੋਥੀਆਂ ਤੇ ਸੱਭਿਆਚਾਰ,
ਮੇਰੀ ਜੇਬ ਵਿੱਚ ਹਨ
ਤੇ ਹਵਾਲੇ,
ਮੇਰੇ ਪੋਟਿਆਂ ਉੱਤੇ !!!

ਮੇਰੀ ਲਾਇਬ੍ਰੇਰੀ,
ਇੰਟਰਨੈਟ ਵਿੱਚ ਹੈ-
ਮੇਰੇ ਸਮਾਰਟ ਫੋਨ ਉੱਤੇ ਚੜ੍ਹੀ,
ਮੇਰੇ ਨਾਲ, ਨਾਲ ਤੁਰਦੀ ਹੈ।

ਮੈਂ ਟਿਪਣੀਆਂ ਤੇ ਹਵਾਲਿਆਂ ਦਾ,
ਤੁਰਦਾ, ਫਿਰਦਾ ਐਨਸਾਈਕਲੋਪੀਡੀਆ ਹਾਂ।



ਰੀਵੀਊ ਲਈ ਆਈਆਂ ਪੁਸਤਕਾਂ,
ਦੇ ਟਾਈਟਲਾਂ ਦਾ,
ਅੱਗਾ ਪਿੱਛਾ ਦੇਖਦਾ,
ਮੈਂ ਹੱਸਦਾ
ਤੇ ਹਰ ਪੁਸਤਕ ਦੇ ਪਹਿਲੇ
ਤੇ ਆਖਿਰੀ ਪੰਨੇ ਉੱਤੇ,
ਸਰਸਰੀ ਝਾਤ ਮਾਰਦਾ ਤੇ ਸੋਚਦਾ ਹਾਂ :
ਕੀ ਰੀਵੀਊ ਲਿਖਣ ਲਈ ਵੀ,
ਪੁਸਤਕ ਪੜ੍ਹਨ ਦੀ ਲੋੜ ਹੈ ???

ਪੁਸਤਕ ਤੇ ਲੇਖਕ,
ਸਭਾਵਾਂ ਤੇ ਖਲਾਵਾਂ ਵਿੱਚ,
ਮਿੱਤਰ ਤੇ ਦੋਖੀ ਪੈਦਾ ਕਰਦੇ ਹਨ,
ਗੰਭੀਰ ਪਾਠਕ ਨਹੀਂ।

ਇਨ੍ਹਾਂ ਦਾ ਸ਼ੋਰ,
ਪੁਸਤਕ ਤੋਂ ਪਹਿਲਾਂ ਹੀ,
ਟੂਕਾਂ ਤੇ ਟਿਪਣੀਆਂ ਸਮੇਤ,
ਮੇਰੇ ਕੋਲ ਪਹੁੰਚ ਜਾਂਦਾ ਹੈ।

ਸ਼ੋਰ ਦੀ "ਗੱਲ ਬਨਾਉਣ' ਦੀ ਕਲਾ ਦਾ,
ਮੈਂ ਮਾਹਰ ਹਾਂ।

ਲੇਖਕ ਧੜਾ ਧੜ ਲਿਖਦਾ ਹੈ।
ਮਿੱਤਰ, ਦੋਖੀ,
ਸਭਾਵਾਂ ਤੇ ਮੀਡੀਆ,
ਢੰਡੋਰਾ ਪਿੱਟਦੇ ਹਨ !!!

ਸਾਹਿਤ, ਰਾਜਨੀਤੀ ਵਾਂਗ,
ਸਭ ਨੂੰ,
ਦੁਫਾੜ ਤੇ ਤਿਫਾੜ ਕਰੀ ਜਾਂਦਾ ਹੈ।

ਪ੍ਰਕਾਸ਼ਕ ਦਾ ਵੀ ਰੌਲੇ ਰੱਪੇ ਵਿੱਚ,
ਬਿਓਪਾਰ ਤੁਰੀ ਜਾਂਦਾ ਹੈ।

ਸਾਹਿਤਕ ਹਲਕੇ, ਲਾਮਬੰਦ ਜੁਰਮ * ਵਾਂਗ,
ਸਹਿ-ਹੋਂਦ ਦੇ ਵਿੱਚ ਵਿਚਰਦੇ !!!

ਕਈ ਲੇਖਕਾਂ ਦੇ ਇਨਾਮਾਂ, ਸਨਮਾਨਾਂ ਦੀ ਸੂਚੀ,
ਉਨ੍ਹਾਂ ਦੀਆਂ,
ਪੁਸਤਕਾਂ ਦੀ ਸੂਚੀ ਤੋਂ ਕਿਤੇ ਵਡੇਰੀ ਹੈ ????

ਸਾਹਿਤਕਾਰੀ ਵਿੱਚ ਵੀ,
ਭਾਜੀਆਂ, ਨਿਸ਼ਾਨੀਆਂ ਤੇ ਸ਼ਗਨਾਂ ਦਾ ਦੌਰ ਹੈ !!!

ਥੋੜ੍ਹੀ ਬਹੁਤ ਪੁੱਛ ਗਿੱਛ,
ਰੀਵੀਊਕਾਰ ਦੀ ਵੀ ਹੁੰਦੀ ਹੈ !!!
ਅਜਬ ਦਸਤੂਰ ਹੈ,
ਉਹਦੇ ਲਈ,
ਮੁਰਗੇ ** 'ਚ ਬੋਤਲ ਬੰਦ ਹੁੰਦੀ ਹੈ !!!

ਮੈਂ ਇਕ ਦੂਰਦਰਸ਼ੀ, ਵੱਡਦਰਸ਼ੀ,
ਵਿਸ਼ਵ-ਯਾਤਰੂ ਹਾਂ !!!

* ਲਾਮਬੰਦ ਜੁਰਮ : Organized crime
** ਮੁਰਗੇ 'ਚ ਬੋਤਲ ਬੰਦ : ਉਲਟ ਪੁਲਟ ਸਥਿਤੀ ਦਾ ਇਕ ਊਲ ਜਲੂਲ ਬਿੰਬ



# ਕਵਿਤਾ-ਪਾਠ

***(ਫੇਸਬੁੱਕੀਏ ਪਾਠਕਾਂ ਦੇ ਸੰਦਰਭ ਵਿੱਚ)***

ਮੇਰੀ ਕਵਿਤਾ ਸੁਣੋ !

ਮੈਂ ਸ਼ਬਦਾਂ 'ਚੋਂ,
ਬਾਹਰ,
ਪਾਰ ਆਇਆ ਹਾਂ !!!

ਅੱਖਰ,
ਬੋਲੀਆਂ ਦੇ,
ਲਿਖਣ-ਪ੍ਰਬੰਧਾਂ 'ਚ,

ਉਲਝ,
ਵੰਡੇ ਗਏ ਹਨ !

ਲਿੱਪੀਆਂ ਵਿੱਚ ਕੈਦ,
ਗੁਆਚੇ ਅਰਥ,
ਸੁਨਣ ਵਾਲੇ ਕੰਨ ਦੀ,
ਤਲਾਸ਼ ਵਿੱਚ ਹਨ !!!

ਸਦੀਆਂ ਦਾ ਸਾਹਿਤ,
ਘੱਟ ਪੜ੍ਹਿਆ,
ਵੱਧ ਵਿਸਾਰਿਆ ਗਿਆ ਹੈ !!!

ਇਸੇ ਲਈ,
ਮੈਂ ਬੋਲ ਰਿਹਾ ਹਾਂ :

ਮੇਰੇ ਬੋਲਾਂ ਵਿੱਚ,
ਮੇਰਾ ਸਗਲਾ ਵਜੂਦ ਹੁੰਦਾ ਹੈ।
ਚਿਹਰੇ ਦੇ,
ਉਤਾਰ, ਚੜ੍ਹਾ,
ਤਨ 'ਚੋਂ,
ਮਨ ਦੇ ਇਸ਼ਾਰੇ,
ਸੰਕੇਤ-ਭਾਸ਼ਾ ਬਣ ਜਾਂਦੇ ਹਨ :
ਐਕਸ਼ਨ-ਕਾਵਿ !!!

ਇਹ ਯੁੱਗ,
ਦੇਸ਼ ਬਦੇਸ਼ ਦੀਆਂ,
ਸਰਹੱਦਾਂ ਤੋਂ ਪਾਰ ਜਾਣ,
ਆਪਣੇ ਬੇਗਾਨਿਆਂ ਨੂੰ,
ਸਮਝ ਆਣ ਲਈ,
ਕਵਿਤਾ-ਪਾਠ ਦਾ ਯੁੱਗ ਹੈ !!!
ਕਵਿਤਾ ਸੁਣਣ,
ਸਮਝਣ ਦਾ ਯੁੱਗ ਹੈ।



## ਮੁਹੱਬਤ : ਇਕ ਨਜ਼ਰੀਆ

ਮੁਹੱਬਤ,
ਜੇ 'ਕਰਨ' ਵਿੱਚ ਹੁੰਦੀ,
ਤਾਂ ਹਰ ਕੋਈ,
ਮੁਹੱਬਤ 'ਕਰ' ਸਕਦਾ ਸੀ !!!
ਮੁਹੱਬਤ,
'ਹੋਣ' ਵਿੱਚ ਹੁੰਦੀ ਹੈ ...
ਤੇ ਇਹ,
ਹੁੰਦੀ, ਹੁੰਦੀ,
'ਹੋ' ਜਾਂਦੀ ਹੈ !!!

## ਰੌਸ਼ਨੀ : ਇਕ ਨਜ਼ਰੀਆ

‘ਅਨ੍ਹੇਰਾ’, ਜਿੰਨੀਆਂ ਮਰਜ਼ੀ,
ਤਹਿਆਂ ਦੇ ਵਿੱਚ ਆ ਜਾਵੇ,
ਕੋਈ ਫਰਕ ਨਹੀਂ ਪੈਂਦਾ।
ਵੇਖਣ ਵਾਲੀ ਅੱਖ ਚਾਹੀਦੀ ਹੈ :
‘ਰੌਸ਼ਨੀ’,
ਹਰ ਸਮੇਂ, ਹਰ ਹਾਲ,
ਹਰ ਜਗ੍ਹਾ ਹੁੰਦੀ ਹੈ !
‘ਰੌਸ਼ਨੀ’,
ਖੁਦ ‘ਰੌਸ਼ਨ’ ਹੋਣ ਦੇ ਵਿੱਚ ਹੁੰਦੀ ਹੈ !!!



# ਕੋਰੋਨਾ-ਕਾਲ ਤੇ ਕਿਸਾਨ ਅੰਦੋਲਨ ਬਾਰੇ ਕਵਿਤਾਵਾਂ



### ਕੋਰੋਨਾ-ਕਾਲ ਦੀਆਂ ਕਵਿਤਾਵਾਂ

ਕੋਰੋਨਾ ਵਾਇਰਸ ਦੀ ਪ੍ਰਭੂ-ਸੱਤਾ
ਜ਼ਿੰਦਗੀ ਤੇ ਇਕ ਦਾ ਗੀਤ
ਕੋਰੋਨਾ ਨਾਟਕ : 7 ਪ੍ਰਭਾਵ-ਸਕੇਪ
ਕੋਰੋਨਾ ਵਾਇਰਸ ਬਨਾਮ ਤਰਕ
ਕੋਰੋਨਾ-ਕਾਲ ਵਿੱਚ ਜ਼ਿੰਦਗੀ ਦੀ ਵਾਪਸੀ
ਕੋਰੋਨਾ-ਕਾਲ ਦੀ ਅਦਭੁਤ ਸਵੇਰ
ਨਵਾਂ ਸਾਲ ???

### ਕਿਸਾਨ ਅੰਦੋਲਨ ਬਾਰੇ ਕਵਿਤਾਵਾਂ

ਘਰ ਘਰ ਸੂਰਜ ਚੜ੍ਹੇਗਾ
ਰਾਜ-ਸੱਤਾ ਤੇ ਲੰਕਾ
2020 ਦਾ ਭਾਰਤੀ ਕਿਸਾਨ ਅੰਦੋਲਨ
ਭਾਰਤ ਦਾ ਕਿਰਸਾਨ-ਅੰਦੋਲਨ : 2020
ਭਾਰਤੀ ਰਾਜ-ਸੱਤਾ ਦੇ ਨਾਂ ਇਕ ਟਵੀਟ
ਦਿੱਲੀ ਦਾ ਦੇਸੀ ਨੀਰੋ
ਅੱਜ ਦੇ ਲਘੂ ਚਾਣਕਯ ਤੇ ਦੇਸੀ ਅੰਗਰੇਜ਼
ਕੱਚ ਦੀ ਲੰਕਾ

## ਕੋਰੋਨਾ ਵਾਇਰਸ ਦੀ ਪ੍ਰਭੂ-ਸੱਤਾ*

*(25 ਅਪ੍ਰੈਲ, 2020 – 3.45 ਸ਼ਾਮ)*

ਕੋਰੋਨਾ ਕੀ ਆਇਆ, ਖ਼ੁਦਾ ਪਰਖੇ ਗਏ।
ਇਹ ਆਲਮ ਤੇ ਫਾਜ਼ਲ, ਸ਼ੁਦਾਅ ਪਰਖੇ ਗਏ।

ਰਾਜੇ ਤੇ ਰੰਕ ਵੀ ਹੋਏ ਬਰਾਬਰ,
ਸਿਆਸਤ ਦੇ ਸਭ ਨਾਖੁਦਾ ਪਰਖੇ ਗਏ।

ਮੌਤਾਂ ਦੇ ਮੁਹਰੇ ਨਾ ਉੱਚਾ, ਨਾ ਨੀਵਾਂ,
ਜੀਵਨ ਦੇ ਸਾਰੇ ਉਪਾ ਪਰਖੇ ਗਏ।

ਛੇ ਫੁੱਟ ਦੀ ਦੂਰੀ, ਨਾ ਚੁੰਮੀ, ਨਾ ਜੱਫੀ,
ਰਿਸ਼ਤੇ ਦੇ ਸਭ ਪੇਚੋ-ਦਾਅ** ਪਰਖੇ ਗਏ।

ਜਨਾਜ਼ੇ 'ਚ ਕੋਈ ਵੀ ਹੋਇਆ ਨਾ ਸ਼ਾਮਿਲ,
ਦੁਸ਼ਮਣ ਤੇ ਸਭ ਹਮਨਵਾ*** ਪਰਖੇ ਗਏ।

---

* ਪ੍ਰਭੂ-ਸੱਤਾ : ਰਾਜ-ਅਧਿਕਾਰ, Sovereignty

** ਪੇਚੋ-ਦਾਅ : ਢੰਗ, ਤਰੀਕੇ

*** ਹਮਨਵਾ : ਮਿੱਤਰ, ਪਿਆਰੇ, ਬੇਲੀ

***ਨੋਟ :*** 'ਕੋਰੋਨਾ ਵਾਇਰਸ' (Corona Virus), ਇਸ ਭਾਗ ਦੀਆਂ ਕਵਿਤਾਵਾਂ ਵਿੱਚ, "ਕੋਵਿਡ-19" ਲਈ ਵਰਤਿਆ ਗਿਆ ਹੈ।

# ਜ਼ਿੰਦਗੀ ਤੇ ਇਕ ਦਾ ਗੀਤ

***(ਕਰੋਨਾ ਵਾਇਰਸ ਦੀ ਮਹਾਂ ਮਾਰੀ ਦੇ ਸੰਦਰਭ ਵਿੱਚ)***

ਖਲਾਵਾਂ ਤੋਂ ਪਾਰ ਜਾਣ,
ਨਖਯਤਰਾਂ ਦੇ ਭੇਦ ਪਾਣ
ਦੇ ਦਾਅਵੇ ਕਰਨ ਵਾਲਾ ਮਨੁੱਖ,
ਆਪੋ ਆਪਣੇ ਅੰਦਰ ਵੜ ਕੇ,
ਕੱਲਾ, ਕੱਲਾ ਹੋ ਗਿਆ ਹੈ !
ਆਪਣੇ ਅੰਦਰ ਖੜੋ ਗਿਆ ਹੈ !!!

ਮੱਕਾ, ਮਦੀਨਾ ਬੰਦ ਹਨ,
ਅੱਲਾ, ਰੱਬ, ਵਾਹਿਗੁਰੂ ਤੇ ਗੌਡ,
ਕੋਈ ਵੀ ਨਾ ਬਹੁੜਿਆ।

ਅਰਦਾਸਾਂ ਬੇਅਰਥ,
ਧਰਮ-ਗ੍ਰੰਥ ਖਾਮੋਸ਼,
ਧਰਮ-ਦੁਆਰਿਆਂ ਵਿੱਚ ਖਲਾਅ !
ਕੈਸੀ ਚੱਲੀ ਹੈ ਇਹ,
ਕਰੋਨਾ ਵਾਇਰਸ ਦੀ ਵਬਾ[1] !!!

ਗਿਆਨ ਤੇ ਵਿਗਿਆਨ ਨੂੰ, ਜਿਵੇਂ
ਅਧਰੰਗ ਹੋ ਗਿਆ ਹੈ !



ਪੱਤਰ ਝੜ ਰਹੇ ਧੜਾ ਧੜ,
ਮਾਨਵਤਾ ਦਾ ਰੁੱਖ,
ਰੁੰਡ ਮੁੰਡ ਹੋ ਰਿਹਾ ਹੈ !!!

ਪਹਿਲੇ ਮਹਾਂ ਯੁੱਧ ਵਿੱਚ,
ਦੂਜੇ ਮਹਾਂ ਯੁੱਧ ਵਿੱਚ
ਤੇ ਹੋਰ ਸਭ ਯੁੱਧਾਂ ਵਿੱਚ,
ਮਨੁੱਖ ਇਕ ਦੂਜੇ ਨਾਲ ਭਿੜੇ ਸਨ,
ਇਕੱਠੇ, ਲਾਮਬੰਦ ਹੋ ਕੇ-
ਪਰ ਇਸ ਯੁੱਧ ਨੇ ਸਭ ਨੂੰ,
ਕੱਲੇ ਕੱਲੇ ਕਰ ਕੇ,
ਅੰਦਰੀਂ ਵਾੜ ਦਿੱਤਾ ਹੈ !!!

ਸਮਾਜਕ ਜੀਵ ਸੀ ਆਦਮੀ,
ਉਸ ਦਾ ਗੁਲਸ਼ਨ ਉਜਾੜ ਦਿੱਤਾ ਹੈ !!!

ਫਿਰ ਵੀ,
ਲੜ ਰਹੇ ਹਾਂ ਕੱਲੇ, ਕੱਲੇ !!!

ਇਕ ਇਕੱਲਾ ਹੀ ਕੋਈ,
ਗੈਲਿਲੀਓ[2], ਡਾਰਵਨ, ਐਡੀਸਨ ਬਣਦਾ ਹੈ !!!

ਇਕ ਇਕੱਲਾ ਹੀ ਕੋਈ,
ਹੁਣ ਵੀ,
ਰਸਤਾ ਬਣਾਏਗਾ,
ਪਗਡੰਡੀਆਂ ਵਿਖਾਏਗਾ !!!

ਕੋਈ ਇਕ,
ਖਿਤਿਜ ਵਲ ਵੇਖਦਾ,
ਕਲਪਨਾ ਵਿੱਚ,
ਤੁਰਨ ਤੋਂ ਪਹੁੰਚਣ ਵਿਚਕਾਰ,
ਸਿੱਧੀ ਲੀਕ ਵਾਹੇਗਾ !!!

ਇਕ ਇਕੱਲਾ ਹੀ ਕੋਈ,
ਸਹਿ-ਵਿਗਿਆਨੀਆਂ ਦੀ,
ਅਗਵਾਈ ਕਰ,
ਵੈਕਸੀਨ[3] ਬਣਾਵੇਗਾ-
ਕਰੋਨਾ ਨੂੰ ਭਜਾਵੇਗਾ !!!

ਮੁੱਢੋਂ ਸੁੱਢੋਂ ਫਿਰ ਮਨੁੱਖ,
ਇਕ ਦਾ - - ਤੇ
ਜ਼ਿੰਦਗੀ ਦਾ ਗੀਤ ਗਾਵੇਗਾ !!!

1. ਵਬਾ : ਮਹਾਂ ਮਾਰੀ, Pandemic
2. ਗੈਲਿਲੀਓ, ਡਾਰਵਨ, ਐਡੀਸਨ : ਪ੍ਰਸਿੱਧ ਵਿਗਿਆਨੀ
3. ਵੈਕਸੀਨ : ਕਰੋਨਾ ਵਾਇਰਸ ਦੀ ਦਵਾਈ, ਟੀਕਾ, - Vaccine



# ਕੋਰੋਨਾ ਨਾਟਕ : 7 ਪ੍ਰਭਾਵ-ਸਕੇਪ

## 1.

ਨਾਟਕ ਦੇ ਪਾਤਰਾਂ ਵਾਂਗ ਸਭ,
ਦੋ ਮੀਟਰ ਦੀ ਦੂਰੀ ਤੋਂ,
ਬੋਲਣ ਦੀ ਰੀਹਰਸਲ ਕਰ ਰਹੇ।
ਕੁਝ ਜਿਸਮ ਬਚ ਰਹੇ,
ਬਹੁਤੇ ਰਿਸ਼ਤੇ ਮਰ ਰਹੇ।

## 2.

ਵੇਸ਼ਵਾਸਾਂ ਦਾ ਧੰਦਾ ਮੰਦਾ,
ਦੂਰ ... ਗਾਹਕ ਠਰ ਰਹੇ !

## 3.

ਰਿਸ਼ਤਿਆਂ ਵਿੱਚ ਵੀ,
ਕਰੋਨਾ ਦੀ ਦੀਵਾਰ ਹੈ !
ਛੁਹ ਤੋਂ ਸੱਖਣਾ,
ਮਾਂ, ਬਾਪ, ਭੈਣ, ਭਾਈ,
ਆਸ਼ਕਾਂ ਦਾ ਪਿਆਰ ਹੈ !!!

## 4.

ਸਭ ਦੇਸ਼ ...
ਮੌਤ, ਬੀਮਾਰਾਂ ਦੀ ਗਿਣਤੀ ਕਰ ਰਹੇ,
ਛੋਟੇ, ਵੱਡੇ, ਮਹਾਂ ਸ਼ਕਤੀ ਨਹੀਂ ਰਹੇ।

## 5.

ਤਸਕਰ, ਡਾਕੂ ਅਤੇ ਨਸ਼ੇੜੀ,
ਸਭ ਨੂੰ ਚੜ੍ਹ ਗਈ ਪੁੱਠੀ ਗੇੜੀ !!!

## 6.

ਮੀਡੀਆ ਨੂੰ ਕਰੋਨਾ ਦਾ ਬੁਖਾਰ ਹੈ।
ਸਿਆਸਤ, ਕਲਾ, ਮਨੋਰੰਜਨ,
ਹਰ ਕੋਈ ਬੀਮਾਰ ਹੈ !!!

## 7.

ਜਦੋਂ ਸੋਚ ਬੀਮਾਰ ਹੋ ਜਾਏ,
ਕੁਝ ਵੀ ਰਾਜ਼ੀ ਨਹੀਂ ਰਹਿੰਦਾ !!!



# ਕੋਰੋਨਾ ਵਾਇਰਸ ਬਨਾਮ ਤਰਕ

“ਰੱਬ ਨੇੜੇ ਕਿ ਘਸੁੰਨ”?
ਪ੍ਰਸ਼ਨ ਬਣ ਕੇ,
ਸਭ ਦੇ ਜ਼ਿਹਨ ਉੱਤੇ,
ਮੰਡਰਾ ਰਿਹਾ ਹੈ।

ਭੈ ਦਾ ਮੌਸਮ ਹੈ ਹਰ ਤਰਫ :
ਰੱਬ-ਦੁਆਰਿਆਂ ’ਚ ਰੱਬ,
ਬੇਕਾਰ ਹੋ ਗਿਆ ਹੈ।
ਰੱਬ ਤੇ ਕਿਸਮਤ ਦੀ,
ਤਸਕਰੀ ਕਰਨ ਵਾਲੇ,
ਪੀਰ, ਫਕੀਰ ਤੇ ਬਾਬੇ-
ਆਪੋ ਆਪਣੇ ਮੱਠਾਂ ਵਿੱਚ,
ਮੱਖੀਆਂ ਮਾਰ ਰਹੇ ਹਨ !

ਧੁੰਦ ਛਟ ਰਹੀ :
ਮੌਤ ਤੋਂ ਵੱਡਾ ਹੋਰ ਕੋਈ ਵੀ ਸੱਚ ਨਹੀਂ !!!

ਲੋਕਾਂ ਦੇ ਮਨਾਂ ਵਿੱਚ,
ਕੁਝ ਦੇਰ ਲਈ ਹੀ ਸਹੀ,
ਤਰਕ ਤੇ ਵਿਗਿਆਨ ਦਨਦਨਾ ਰਿਹਾ ਹੈ !!!

# ਕੋਰੋਨਾ-ਕਾਲ ਵਿੱਚ ਜ਼ਿੰਦਗੀ ਦੀ ਵਾਪਸੀ

ਅਸੀਂ ਜੰਗਲ ਕੱਟ, ਤੇ
ਟਿੱਬੇ ਟਿੱਲੇ ਹਮਵਾਰ ਕਰ,
ਆਪਣੇ ਘਰ ਵਸਾ ਲਏ।
ਕਨਕਰੀਟ ਦੇ ਜੰਗਲ ਬਣਾ ਲਏ !

ਫਿਰ ਵੀ,
ਭੀੜ ਵਿੱਚ ਕੱਲੇ ਕੱਲੇ ਹੋ ਗਏ !!!

ਕੋਰੋਨਾ-ਕਾਲ ਵਿੱਚ,
ਟਰੈਫਿਕ ਦਾ ਸ਼ੋਰ ਨਹੀਂ,
ਨਾ ਹੀ ਹਵਾ ਵਿੱਚ ਪ੍ਰਦੂਸ਼ਣ !!!

ਦਿੱਲੀ ਵਾਲਿਆਂ ਨੂੰ ਦਿੱਲੀ,
ਦੇਰ ਬਾਅਦ ਨਜ਼ਰ ਆਈ ਹੈ
ਤੇ ਪੰਜਾਬ ਨੂੰ ਪਹਾੜ !!!

ਪੰਛੀ ਵੀ ਵਾਪਸ ਪਰਤ ਆਏ ਹਨ,
ਸਾਨੂੰ ਘਰਾਂ 'ਚੋਂ ਉਜਾੜਨ ਨਹੀਂ-
ਸਾਡੇ ਨਾਲ ਨਾਲ ਰਹਿਣ !
ਉਲੂਆਂ ਦੀ ਚਹਿਚਹਾਟ ਤੇ 'ਘੁੱਗੂ ਘੂੰ' ਵਿੱਚ,
ਜ਼ਿੰਦਗੀ ਦਾ ਗੀਤ ਹੈ।



# ਕੋਰੋਨਾ-ਕਾਲ ਦੀ ਅਦਭੁਤ ਸਵੇਰ

ਲੌਕ ਡਾਊਨ ਉਪਰੰਤ,
ਘਰ ਦੇ ਮੁਹਰਿਓਂ ਲੰਘਦੀ ਸੜਕ 'ਤੇ,
ਸੰਘਣਾ ਸੰਨਾਟਾ ਹੈ !
ਟਰੈਫਿਕ ਤੇ ਇਨਸਾਨ, ਦੋਵੇਂ ਗ਼ਾਇਬ ਹਨ !!!

ਘਰ ਦੀ ਖਿੜਕੀ 'ਚੋਂ ਦਿਸਣ ਵਾਲਾ,
ਮੰਤਰ-ਮੁਗਧ, ਗਲੇਸ਼ੀਅਰ ਵੀ,
ਦ੍ਰਿਸ਼ਟੀ ਲਈ ਨਵੇਂ ਦਰਸ਼ਨ ਸਿਰਜ ਰਿਹਾ ਹੈ !

ਧੁੰਦ-ਧੂੰਏਂ ਤੋਂ ਮੁਕਤ,
ਨਿਰਮਲ ਅਸਮਾਨ ਹੇਠ,
ਹਵਾ ਵਿੱਚ,
ਤਾਰੀਆਂ ਲਾ ਰਿਹਾ ਵਿਮਾਨ ਵੀ,
ਪਰਬਤੀ ਨਜ਼ਾਰੇ ਨੂੰ,
ਨਵੇਂ ਅਰਥ ਦੇ ਰਿਹਾ ਹੈ !

ਇਹ ਸੁਵਖਤੇ, ਸੁਵਖਤੇ,
ਸਵੇਰ ਦੀ ਸੈਰ ਦਾ ਸਮਾਂ ਹੈ !!!
ਸੁੰਨੀ ਸੜਕ 'ਤੇ,
ਸਿਰਫ ਮੈਂ ਹਾਂ, ਹਰੇ ਭਰੇ ਰੁੱਖ
ਤੇ ਨਿਰਮਲ ਅਸਮਾਨ !!!

ਪੰਛੀਆਂ ਦੀ ਚਹਿਚਹਾਹਟ
ਤੇ ਵਿਸਮਾਦੀ 'ਗੁਟ ਘੂੰ' ਵੀ,
ਬਹੁਤ ਦੇਰ ਬਾਅਦ ਸੁਣਾਈ ਦਿੱਤੀ ਹੈ !!!
ਟਰੈਫਿਕ ਦੇ ਸ਼ੋਰ ਸ਼ਰਾਬੇ ਤੋਂ ਭੱਜੇ,
ਇਹ ਅਵਾਸੀ ਵੀ,
ਮੁੜ ਘਰ ਪਰਤ ਆਏ ਹਨ !!!

ਅੱਜ, ਕੀਨੀਆ ਬਹੁਤ ਯਾਦ ਆ ਰਿਹਾ ਹੈ !

ਉੱਥੇ ਵੀ ਜਦੋਂ ਮੈਂ ਇਕੱਲਾ ਮਹਿਸੂਸ ਕਰਦਾ ਸਾਂ,
ਤਾਂ ਕਾਫੀ ਦੇ ਬਾਗ਼ਾਂ ਨਾਲ ਲੱਗਦੇ,
ਜੰਗਲ ਵਲ ਨਿਕਲ ਜਾਂਦਾ ਸਾਂ,
ਜਿੱਥੇ ਵਗਦੇ ਦਰਿਆ ਦਾ ਮਧੁਰ ਸੰਗੀਤ ਸੀ,
ਪੱਤਿਆਂ ਦੀ 'ਸਰ, ਸਰ'
ਤੇ ਚਹਿਕਦੇ ਪੰਛੀਆਂ ਦੀ ਚਹਿਚਹਾਹਟ :
'ਗੁਟ ਘੂੰ', 'ਕਾਂ, ਕਾਂ'!!!

ਬੜਾ ਸਕੂਨ ਮਿਲਦਾ ਸੀ ਓਥੇ,
ਸੱਭੇ ਮਿੱਤਰ, ਇਕ ਥਾਂ ਮਿਲ ਜਾਂਦੇ ਸਾਂ !!!

ਕੋਰੋਨਾ-ਕਾਲ ਵਿੱਚ,
ਸਵੇਰ ਦੀ ਸੈਰ ਕਰਦਿਆਂ,
ਮੈਂ ਫੇਰ ਕੀਨੀਆਂ ਪਹੁੰਚ ਗਿਆ ਹਾਂ !!!



## ਨਵਾਂ ਸਾਲ ???

2020 ਕੋਰੋਨਾ ਕਾਲ

2021 ਕਰੋਨਾ ਕਾਲ

ਕਿੱਥੇ ਮੁੱਕੂ ਪੁਰਾਣਾ ਸਾਲ ?

ਕਿੱਥੋਂ ਚੜ੍ਹਨਾ ਨਵਾਂ ਸਾਲ ?

ਸਮਾਂ ਬੜਾ ਬਲਵਾਨ,

ਅਵੰਡ !!!

ਹਰ ਪਲ

ਹਰ ਛਿਣ

ਚਾਰ ਚੁਫੇਰ ਕੋਰੋਨਾ ਕਾਲ !!!

# ਘਰ ਘਰ ਸੂਰਜ ਚੜ੍ਹੇਗਾ

***(2020 ਦੇ ਕਿਸਾਨ ਅੰਦੋਲਨ ਦੇ ਸੰਦਰਭ ਵਿੱਚ)***

ਇਕ ਪਾਸੇ ਸੂਰਜ ਡੁੱਬ ਰਿਹਾ !
ਇਕ ਪਾਸੇ ਸੂਰਜ ਚੜ੍ਹ ਰਿਹਾ !

ਇਕ ਸੂਰਜ ਉਸਦੀ ਮੁੱਠ ਵਿੱਚ ਹੈ,
ਇਕ ਸੂਰਜ ਤੇਰੀ ਅੱਖ ਵਿੱਚ ਹੈ।

ਜੁ ਤੇਰੀ ਅੱਖ ਵਿੱਚ ਹੈ ਕਿਰਸਾਣਾਂ,
ਉਹ ਹੀ ਸੂਰਜ ਚੜ੍ਹੇਗਾ !!!

ਲੋਕ-ਰਾਜ, ਜਨ ਕੀ ਆਵਾਜ਼,
ਜਨ ਕੇ ਪੰਖ, ਜਨ ਕੀ ਪਰਵਾਜ਼।

ਧਰਤੀ-ਪੁੱਤ ਕਿਰਤੀ, ਕਿਰਸਾਣ !!!
ਜੰਮੇਂ ਧਰਤ, ਬਰਸੇ ਅਸਮਾਨ !

ਪਾਣੀ, ਧਰਤੀ, ਤਪਸ਼ ਤੇ ਬੀਜ,
ਏਥੋਂ ਹੀ ਕਿਰਸਾਣ ਦਾ ਸੂਰਜ ਚੜ੍ਹੇਗਾ !!!

ਦੰਗ ਸਿਆਸਤ, ਕੁਟਿਲ ਨੀਤੀਆਂ,
ਨੰਗੇ ਹਨ ਦੂਹਰੇ ਕਿਰਦਾਰ !!!



ਪਹਿਨ ਮਖੌਟੇ ਰਾਜ ਕਰੇਂਦੇ,
ਜਨਤਾ ਦੇ ਇਹ ਕਰਜ਼ਦਾਰ !

ਵੋਟ ਦੇ ਨਾਲ ਜੁ ਰਾਜ ਕਰੇਗਾ,
ਵੋਟ ਦੇ ਨਾਲ ਹੀ ਝੜੇਗਾ !!!

ਜੋਧੇ, ਸੂਰੇ ਅੱਜ ਦੇ ਹਨ, ਇਹ
ਖੇਤਾਂ ਨਾਲ ਜੁੜੇ ਪਰਵਾਰ !

ਸ਼ਾਂਤ ਯੁੱਧ ਇਹ ਪਰਵਾਰਾਂ ਦਾ,
ਇਸਦਾ ਨਾ ਕੋਈ ਪਾਰਾਵਾਰ !

ਇਹ ਪੰਨੇ ਨਵ-ਇਤਿਹਾਸ ਦੇ,
ਹੁਣ, ਘਰ, ਘਰ, ਸੂਰਜ ਚੜ੍ਹੇਗਾ !!!

ਜੁ ਤੇਰੀ ਅੱਖ ਵਿੱਚ ਹੈ ਕਿਰਸਾਣਾਂ,
ਉਹ ਹੀ ਸੂਰਜ ਚੜ੍ਹੇਗਾ !!!

# ਰਾਜ–ਸੱਤਾ ਤੇ ਲੰਕਾ

***(2020 ਦੇ ਭਾਰਤੀ ਕਿਸਾਨ–ਅੰਦੋਲਨ ਦੇ ਨਾਂ – 26 ਨਵੰਬਰ, 2020)***

ਚਾਹ ਵੇਚਣ ਵਾਲਾ ਇਕ ਕਿਰਤੀ ਮੁੰਡਾ,
ਸੱਤਾ–ਧਾਰੀ ਬਣ ਕੇ,
ਸ਼ਕਤੀ ਨਾਲ ਖੇਲ੍ਹ ਰਿਹਾ ਹੈ !!!

ਆਪਣੀ ਹੀ ਬੇੜੀ ਨੂੰ ਅੱਗ ਲਾ ਕੇ,
ਤੂਫਾਨਾਂ ਵਿੱਚ ਠੇਲ੍ਹ ਰਿਹਾ ਹੈ !!!

ਜਨ–ਸ਼ਕਤੀ, ਸੁਨਾਮੀ ਹੈ,
ਜ਼ਲਜ਼ਲਾ ਹੈ !

ਕਿਸਾਨ ਦੀ ਚੇਤਨਾ ਵਿੱਚ,
ਭਗਤ ਸਿੰਘ,
ਸੁਭਾਸ਼ ਚੰਦਰ ਬੋਸ,
ਗ਼ਦਰ ਲਹਿਰ ਦੇ,
ਹਰ ਨਾਇਕ ਦਾ ਵਲਵਲਾ ਹੈ !!!

ਇਹ ਸ਼ਾਂਤਮਈ ਗਾਂਧੀ ਬਣ ਕੇ,
ਤੈਨੂੰ ਰਸਤਾ ਵਿਖਾਉਣ ਆਏ ਸਨ।
ਤੇਰੀਆਂ ਕੁਟਿਲ ਨੀਤੀਆਂ ਨੇ,
ਉਨ੍ਹਾਂ ਦੇ ਸਬਰ ਭਟਕਾਏ ਹਨ !!!



ਜਨ–ਵੋਟਾਂ ਨੇ ਤੈਨੂੰ ਦੇਸ਼ ਦੀ,
ਕਮਾਨ ਸੌਂਪੀ ਸੀ ...
ਤੂੰ ਇਸ ਨੂੰ ਲੰਕਾ ਬਣਾ ਦਿੱਤਾ !!!
ਆਪਣੀ ਹੀ ਤਬਾਹੀ ਦਾ,
ਬਿਗਲ ਵਜਾ ਦਿੱਤਾ !!!

## 2020 ਦਾ ਭਾਰਤੀ ਕਿਸਾਨ ਅੰਦੋਲਨ

***(ਪਰਵਾਰ ਬਨਾਮ ਰਾਜ ਸੱਤਾ)***

ਮਾਨਵਤਾ ਤੋਂ ਸੱਖਣੇ ਨੇਤਾ,
ਰਿਸ਼ਤੇ ਬੇਪਛਾਣ !
ਕਲਜੁੱਗ ਦੀ ਇਹ ਕਾਲੀ ਨੀਤੀ,
ਅਗਧ ਪੜ੍ਹੇ ਸ਼ੈਤਾਨ !!!

ਸ਼ਕਤੀ–ਭੁੱਖ, ਸਵਾਰਥ–ਅਗਨੀ,
ਸਿਆਸਤ ਦੀ ਪਹਿਚਾਣ।
ਦਾਵਾਨਲੀਆਂ ਸੋਚਾਂ ਦੇ ਵਿੱਚ,
ਘਿਰਿਆ ਆਮ ਇਨਸਾਨ।

ਅੱਥਰੂ–ਗੋਲੇ, ਪਾਣੀ–ਤੋਪਾਂ,
ਲਾਠੀਆਂ ਵੀ ਬਰਸਾਣ !
ਸ਼ਾਂਤਮਈ ਸੰਘਰਸ਼ ਦੇ ਉੱਤੇ,
ਕੈਸੇ ਕਹਿਰ ਕਮਾਣ !!!

ਮਾਂ, ਬਾਪ ਤੇ ਬਾਬੇ, ਨਾਨੇ,
ਬੱਚੇ, ਬੁੱਢੇ ਤੇ ਜਵਾਨ !
ਖੇਤਾਂ ਦੇ ਹੀ ਜਾਏ ਹਨ ਇਹ,
ਕਿਰਤੀ, ਕਾਮੇ ਤੇ ਕਿਰਸਾਣ !!!



ਇਕ ਪਾਸੇ ਗਿਣਤੀ ਦੇ ਨੇਤਾ,
ਦੂਜੇ ਕੁਲ ਜਹਾਨ !
ਨਵਾਂ ਕਾਂਡ ਇਤਿਹਾਸ ਦਾ,
ਪਰਵਾਰਾਂ ਦੀ ਸ਼ਾਨ !!!

# ਭਾਰਤ ਦਾ ਕਿਰਸਾਣ-ਅੰਦੋਲਨ 2020

ਇਹ ਜੰਗ ਹੈ ਹੱਕੀ ਸੋਚ ਦੀ,
ਜਿਸਮ ਏਸ ਨੂੰ ਲੜੇਗਾ।
ਸਿਰ 'ਤੇ ਕੱਫਣ, ਹੋਂਦ ਦਾ ਮਸਲਾ,
ਅੰਤਿਮ ਦਮ ਤੱਕ ਖੜ੍ਹੇਗਾ।
ਜਨ-ਜੋਧੇ, ਮਰਜੀਵੜੇ,
ਸੂਰਜ ਨਵਾਂ ਇਕ ਚੜ੍ਹੇਗਾ।
ਕਿਰਸਾਣਾਂ ਦੇ ਹੜ੍ਹ ਦੇ ਅੱਗੇ,
ਦੱਸੋ ਕਿਹੜਾ ਖੜ੍ਹੇਗਾ ?
ਸ਼ਾਹ[1], ਤੋਮਰ[2] ਤੇ ਰਾਜਨਾਥ[3], 'ਗੱਲ'
'ਮੋਦੀ-ਮਨ ਕੀ'[4] ਕਰੇਗਾ।
ਮੋਦੀਖ਼ਾਨੇ ਦਾ ਹਰ ਸ਼ਸਤਰ,
ਜੁ ਅੜਿਆ, ਸੁ ਝੜੇਗਾ !!!
ਇਕ ਦੱਲ ਦੀ ਇਹ ਤਾਨਾਸ਼ਾਹੀ,
ਹਿਟਲਰ, ਫਿਰ ਤੋਂ ਮਰੇਗਾ !!!
ਕਥਾ ਹੈ ਇਹ ਇਤਿਹਾਸ ਦੀ,
ਇਤਿਹਾਸ ਲਿਖੇ ਤੇ ਕਰੇਗਾ !!!

---

1. ਸ਼ਾਹ : ਅਮਿਤ ਸ਼ਾਹ - ਹੋਮ ਮਨਿਸਟਰ
2. ਤੋਮਰ : ਨਰਿੰਦਰ ਸਿੰਘ ਤੋਮਰ - ਖੇਤੀ ਮੰਤਰੀ
3. ਰਾਜਨਾਥ : ਰਾਜ ਨਾਥ ਸਿੰਘ - ਰੱਖਿਆ ਮੰਤਰੀ
4. ਮੋਦੀ-ਮਨ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ "ਮਨ ਕੀ ਬਾਤ" ਵੱਲ ਇਸ਼ਾਰਾ



# ਭਾਰਤੀ ਰਾਜ-ਸੱਤਾ ਦੇ ਨਾਂ ਇਕ ਟਵੀਟ

ਕੁੱਜਾ ਵੀ ਤੁਹਾਡਾ ਹੈ,
ਹੱਥ ਵੀ !

ਜਾਂ ਕੁੱਜਾ ਭੰਨੋ,
ਜਾਂ ਹੱਥ ਵੱਢੋ !!!

ਹੋਰ ਕੋਈ ਚਾਰਾ ਨਹੀਂ !!!
ਇਕ ਹੱਥ ਨਾਲ, ਤੁਸੀਂ
ਯੁੱਧ ਨਹੀਂ ਲੜ ਸਕਦੇ !!!

ਹੰਕਾਰ ਤੇ ਸੁਆਰਥ ਦੀ ਧੁੰਦ ਹੇਠੋਂ ਨਿਕਲੋ,
ਮਖੌਟੇ ਲਾਹੋ !!!
ਕਿਸਾਨ ਸਿਰਫ ਹੱਕ ਮੰਗਦੇ ਹਨ,
ਰਾਜ ਨਹੀਂ !!!

ਯਾਦ ਰਹੇ :
ਜੁ ਕੁਰਸੀ 'ਤੇ ਬਿਠਾ ਸਕਦੇ ਹਨ,
ਉਹ ਕੁਰਸੀ ਉਲਟਾ ਵੀ ਸਕਦੇ ਹਨ !!!

# ਦਿੱਲੀ ਦਾ ਦੇਸੀ ਨੀਰੋ[1]

*(ਕਿਸਾਨ ਅੰਦੋਲਨ ਦੇ ਸੰਦਰਭ ਵਿੱਚ)*

ਦਿੱਲੀ ਦੀਆਂ ਸਰਹੱਦਾਂ ਉੱਤੇ,
ਅੰਤਾਂ ਦੀ ਠੰਡ ਵਿੱਚ,
ਘਰੋਂ ਬੇਘਰ ਹੋਏ,
ਕਿਸਾਨ, ਸਣੇ ਪਰਵਾਰ,
ਔਰਤਾਂ, ਬੱਚੇ, ਬੁੱਢੇ, ਜਵਾਨ,
ਸ਼ਾਂਤਮਈ ਅੰਦੋਲਨ ਕਰ ਰਹੇ–
ਦਿੱਲੀ ਦੀ, ਬੇ–ਦਿਲ ਰਾਜ–ਸੱਤਾ ਨੂੰ,
ਗਾਂਧੀ ਦਾ ਫ਼ਲਸਫ਼ਾ ਸਮਝਾ ਰਹੇ !!!

ਦਿੱਲੀ ਵਿੱਚ,
ਇਸ ਰਾਜ–ਸੱਤਾ ਦਾ ਮੁਖੀਆ,
ਆਪਣੇ ਬੰਗਲੇ ਦੀ,
ਸੈਂਟਰਲ ਹੀਟਿੰਗ[1] ਵਿੱਚ ਬੈਠਾ,
ਆਪਣੀ ਪਿੱਠ ਥਪ ਥਪਾ ਰਿਹਾ ਹੈ।

'ਮਨ ਕੀ ਬਾਤ' ਦਾ ਮੀਆਂ ਮਿੱਠੂ,
ਆਪਣੇ ਆਪ ਨੂੰ ਗੁਣਗੁਣਾ ਰਿਹਾ ਹੈ।

ਕਿਸਾਨਾਂ ਨੂੰ,
ਇਸ ਕਾਲੇ ਕਾਨੂੰਨ ਦੇ,
ਕਪਟੀ ਅਰਥ ਸਮਝਾ ਰਿਹਾ ਹੈ !!!



ਦਿੱਲੀ ਜਲ ਰਹੀ,
ਪਰ ਨੀਰੋ,
ਬੰਸਰੀ ਵਜਾ ਰਿਹਾ ਹੈ !!!

---

1. ਨੀਰੋ : ਰੋਮ ਦਾ ਬਾਦਸ਼ਾਹ, ਜੁ ਰੋਮ ਜਲਦਾ ਵੇਖਦਾ ਤੇ ਆਪਣਾ ਸਾਜ਼/ Fiddle ਵਜਾਉਂਦਾ ਰਿਹਾ। Nero "fiddled while Rome burned"
2. ਸੈਂਟਰਲ ਹੀਟਿੰਗ : Central heating

# ਅੱਜ ਦੇ ਲਘੂ ਚਾਣਕਯ ਤੇ ਦੇਸੀ ਅੰਗਰੇਜ਼

*(ਕਿਸਾਨ ਅੰਦੋਲਨ ਦੇ ਸੰਦਰਭ ਵਿੱਚ)*

ਚਾਣਕਯ* ਨਹੀਂ ਰਹੇ,
ਅੰਗਰੇਜ਼ ਚਲੇ ਗਏ।
ਉਨ੍ਹਾਂ ਦੀਆਂ ਨੀਤੀਆਂ,
ਸਾਡੀ ਰਾਜ-ਸੱਤਾ ਨੇ ਅਪਣਾ ਲਈਆਂ।

ਕਿਸਾਨਾਂ ਨਾਲ ਗੱਲ ਬਾਤ ਵਿੱਚ,
ਠਹਿਰਾਅ ਆ ਗਿਆ ਹੈ।

ਕੁਟਿਲ ਨੀਤੀਆਂ,
ਮਖੌਟੇ ਪਹਿਨ ਕੇ,
ਸੀਤ ਸ਼ਬਦਾਂ ਵਿੱਚ,
ਅਗਨੀ ਬਰਸਾ ਰਹੀਆਂ ਹਨ।

'ਵੰਡੋ ਤੇ ਰਾਜ ਕਰੋ' ਦੀ ਨੀਤੀ,
ਛਲ, ਝੂਠ ਤੇ ਦਬਾਅ ਦੇ ਕੌੜੇ,
ਨੰਗੇ ਜ਼ਿਹਨ 'ਤੇ,
ਬਰਸਾ ਰਹੀ ਹੈ।
ਸੋਚ ਨੂੰ,
ਹੋਰ ਰਾਹ ਸੁਝਾਅ ਰਹੀ ਹੈ।



ਸੱਚੇ ਮਾਰਗ ਚੱਲਦਿਆਂ,
ਸ਼ਾਂਤ-ਮਈ ਅੰਦੋਲਨ ਨੂੰ,
ਹੱਥਿਆਰਬੰਦ,
ਇਨਕਲਾਬ ਦਾ,
ਰਸਤਾ ਦਿਖਾ ਰਹੀ ਹੈ।

* ਚਾਣਕਯ : "ਚਾਣਕਯ ਨੀਤੀ" ਲਈ ਪ੍ਰਸਿੱਧ, "ਅਰਥ ਸ਼ਾਸਤਰ" ਦਾ ਕਰਤਾ ਚਾਣਕਯ, ਕੌਟੱਲਯ ਜਾਂ ਵਿਸ਼ਨੂੰ ਗੁਪਤ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

# ਅੰਤਿਕਾ

## ਕੱਚ ਦੀ ਲੰਕਾ

***ਕਿਸਾਨ ਅੰਦੋਲਨ ਤੇ ਭਾਰਤ ਦੇ 'ਗਣਤੰਤਰ ਦਿਵਸ', ਜਨਵਰੀ 26, 2021, ਦੇ ਸੰਦਰਭ ਵਿੱਚ***

ਤੇਰਾ ਸੂਰਜ ਉਧਾਲਣ ਲਈ,
ਹੈ 'ਨ੍ਹੇਰਾ ਸਾਜ਼ਸ਼ਾਂ ਕਰਦਾ।
ਤੇਰੀ ਸੀਤਾ ਉਠਾਵਣ ਲਈ,
ਹੈ ਰਾਵਣ ਭੇਖ ਪਏ ਧਰਦਾ।

ਜੇ ਬਦਲੇ ਨੀਤ, ਤਾਂ ਨੀਤੀ,
ਕਪਟ-ਸ਼ਤਰੰਜ ਖੇਲੇਗੀ।
ਨਿਆਂ ਦਾ ਮੁਕਟ ਪਾ, ਅਨਿਆਂ 'ਚ
ਬੇੜੀ ਤੇਰੀ ਠੇਲ੍ਹੇਗੀ।

ਮਖੌਟਾ ਗਾਂਧੀ ਦਾ, ਹਿਟਲਰ
ਹੈ ਸੱਤਾ ਵਿੱਚ ਜਰਵਾਣਾ।
ਤੂੰ ਬਣ ਅਰਜੁਨ, ਕ੍ਰਿਸ਼ਨ ਬਣ ਜਾ,
ਪਛਾੜੀਂ ਕੌਰਵੀ ਢਾਣਾ।

ਤੂੰ ਸੂਰਜ ਹੈਂ, ਤੂੰ ਸੂਰਜ ਬਣ,
ਪੈਗ਼ੰਬਰੀ ਸ਼ਾਂਤੀ, ਸੱਚ ਦੀ।
ਭ੍ਰਾਂਤੀ ਤੋੜ ਕਪਟਾਂ ਦੀ
ਤੇ ਲੰਕਾ ਓਸ ਦੀ ਕੱਚ ਦੀ !!'



# ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ—ਧਨਪਤ ਰਾਏ ਐਂਡ ਸਨਜ਼, ਜਲੰਧਰ—1961
2. ਬੁੱਕਲ ਦੇ ਵਿਚ ਚੋਰ—ਹਿੰਦ ਪਬਲਿਸ਼ਰਜ਼, ਜਲੰਧਰ—1963
3. ਬਿੰਦੂ—ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ—1965
4. ਮੌਨ ਹਾਦਸੇ—ਰਾਜ ਰੂਪ ਪ੍ਰਕਾਸ਼ਨ, ਜਲੰਧਰ—1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ—ਨਿਊ ਬੁਕ ਕੰਪਨੀ, ਜਲੰਧਰ—1969
6. ਸ਼ਹਿਰ ਜੰਗਲੀ ਹੈ—ਨਿਊ ਬੁਕ ਕੰਪਨੀ, ਜਲੰਧਰ—1970
7. ਮੇਰੇ ਮੌਸਮ ਦੀ ਵਾਰੀ—ਨਿਊ ਬੁਕ ਕੰਪਨੀ, ਜਲੰਧਰ—1972
8. ਜਲ ਭਰਮ-ਜਲ—ਕੇ. ਲਾਲ ਐਂਡ ਕੰਪਨੀ, ਜਲੰਧਰ—1976
9. ਚਿੱਟੇ ਕਾਲੇ ਧੱਬੇ—ਕੇ. ਲਾਲ ਐਂਡ ਕੰਪਨੀ, ਜਲੰਧਰ—1978
10. ਸੀਮਾਂ ਆਕਾਸ਼—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1980
11. ਸ਼ੀਸ਼ੇ ’ਤੇ ਦਸਤਕ—ਨਵਯੁੱਗ ਪਬਲਿਸ਼ਰਜ਼, ਦਿੱਲੀ—1983
12. ਆਪਣੇ ਖ਼ਿਲਾਫ਼—ਨਵਯੁੱਗ ਪਬਲਿਸ਼ਰਜ਼, ਦਿੱਲੀ—1986
13. ਸੂਰਜ ਤੇਰਾ ਮੇਰਾ—ਨੈਸ਼ਨਲ ਬੁਕ ਸ਼ਾਪ, ਦਿੱਲੀ—1989
14. ਗੰਢਾਂ—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
15. ਸ਼ਬਦੋਂ ਪਾਰ—ਨੈਸ਼ਨਲ ਬੁਕ ਸ਼ਾਪ, ਦਿੱਲੀ—1999
16. ਪੱਤਰ ਤੇ ਦਰਿਆ—ਨੈਸ਼ਨਲ ਬੁਕ ਸ਼ਾਪ, ਦਿੱਲੀ—2003
17. ਛਾਵਾਂ ਤੇ ਪਰਛਾਵੇਂ—ਨੈਸ਼ਨਲ ਬੁਕ ਸ਼ਾਪ, ਦਿੱਲੀ—2007
18. ਬਾਜ਼ ਦੀ ਨਜ਼ਰ—ਨੈਸ਼ਨਲ ਬੁਕ ਸ਼ਾਪ, ਦਿੱਲੀ—2010
19. ਨਵੀਂ ਸਦੀ ਦੀ ਨਵੀਂ ਨਸਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2013
20. ਸ਼ਬਦਾਂ ਦੇ ਚਿਹਰੇ—ਨੈਸ਼ਨਲ ਬੁਕ ਸ਼ਾਪ, ਦਿੱਲੀ—2014
21. ਨਿਹੋਂਦ ਦਾ ਗੀਤ—ਨੈਸ਼ਨਲ ਬੁਕ ਸ਼ਾਪ, ਦਿੱਲੀ—2015
22. ਫੇਸਬੁੱਕ ਕਵਿਤਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2018
23. ਮੈਂ-ਕਾਲ : ਤ੍ਰੈਕਾਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2019
24. ਪਾਰ ਗਾਥਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2020
25. ਦਰਪਨ ਤੇ ਦਰਸ਼ਨ—ਨੈਸ਼ਨਕ ਬੁਕ ਸ਼ਾਪ, ਦਿੱਲੀ—2021

**ਕਵਿਤਾ ਦੇ ਸਮੁੱਚੇ ਸੰਗ੍ਰਹਿ (Collected works)**

1. ਅਕੱਥ ਕਥਾ (1955 ਤੋਂ 1966, ਭਾਰਤ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

2. ਵਣ ਵਾਣੀ (1967 ਤੋਂ 1974, ਕੀਨੀਆ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005
3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1990
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005
4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2004
5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਅੰਗਰੇਜ਼ੀ ਵਿਚ**

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

**ਹਿੰਦੀ ਵਿਚ**

1. ਸੂਰਯ ਕਾ ਤਕੀਆ—ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ—1998
ਦੂਜਾ ਐਡੀਸ਼ਨ—ਨੈਸ਼ਨਲ ਬੁਕ ਸ਼ਾਪ, ਦਿੱਲੀ—2009

**ਪਾਕਿਸਤਾਨ ਵਿਚ**

1. ਗੰਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999
2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999
3. ਹੀਰਿਆਂ ਦਾ ਚੋਗ—ਚੋਣਵੀਂ ਕਵਿਤਾ ਦਾ ਸੰਗ੍ਰਹਿ—1974-1989—(ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2002
4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2005



5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016
6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016
7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017

# ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ"—ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ—1974
2. "ਦਰ ਦੀਵਾਰਾਂ"—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1981
3. "ਅੱਧੀ ਰਾਤ ਦੁਪਹਿਰ"—ਨਵਯੁੱਗ ਪਬਲਿਸ਼ਰਜ਼, ਦਿੱਲੀ—1983
4. "ਚੌਕ ਨਾਟਕ"—ਨਵਯੁੱਗ ਪਬਲਿਸ਼ਰਜ਼, ਦਿੱਲੀ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
5. "ਰੂਹ ਪੰਜਾਬ ਦੀ"—ਦੀਪਕ ਪਬਲਿਸ਼ਰਜ਼, ਜਲੰਧਰ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
6. "ਸਿਫ਼ਰ ਨਾਟਕ"—ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ—1987
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
7. "ਤਿੰਨ ਨਾਟਕ"—ਨੈਸ਼ਨਲ ਬੁਕ ਸ਼ਾਪ, ਦਿੱਲੀ—1990
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
8. "ਮਨ ਦੇ ਹਾਣੀ"—ਨੈਸ਼ਨਲ ਬੁਕ ਸ਼ਾਪ, ਦਿੱਲੀ—2005
9. "ਮਖੌਟੇ ਤੇ ਹਾਦਸੇ"—ਨੈਸ਼ਨਲ ਬੁਕ ਸ਼ਾਪ, ਦਿੱਲੀ—2009
10. "ਚੱਕ੍ਰਵਯੂਹ ਤੇ ਪਿਰਾਮਿਡ"—ਨੈਸ਼ਨਲ ਬੁਕ ਸ਼ਾਪ, ਦਿੱਲੀ—2010
11. "ਆਪੋ ਆਪਣੇ ਦਰਿਆ"—ਨੈਸ਼ਨਲ ਬੁਕ ਸ਼ਾਪ, ਦਿੱਲੀ—2015
12. "ਹੋਂਦ ਨਿਹੋਂਦ"—ਨੈਸ਼ਨਲ ਬੁਕ ਸ਼ਾਪ, ਦਿੱਲੀ—2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ")
    —ਨੈਸ਼ਨਲ ਬੁਕ ਸ਼ਾਪ, ਦਿੱਲੀ—2017

**ਥੀਮਕੀ ਤਿੱਕੜੀ (Thematic Trilogy)**

1. **"ਸੂਰਜ ਨਾਟਕ"** (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
   —ਨਵਯੁੱਗ ਪਬਲਿਸ਼ਰਜ਼, ਦਿੱਲੀ—1985
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
2. **ਨਾਟਕ ਤੇ ਰੰਗਮੰਚ : ਦੋ ਨਾਟਕ ਤੇ ਰੰਗਮੰਚ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2014



3. **ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2019
4. **ਚੌਕ ਨਾਟਕ ਤੇ ਸਿਫਰ ਨਾਟਕ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2020

**ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ**

1. "ਮੰਚ ਨਾਟਕ" (1974-90)—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2013

**ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ:**

1. "ਮੰਚ ਨਾਟਕ" (1974-1990)
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

**ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ**

1. "ਮਨ ਦੇ ਹਾਣੀ"
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005

# ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ

| | ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|---|
| 1. | ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ<br>ਤਿੰਨ ਰੁਪਏ—1963<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 115 |
| 2. | ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ<br>ਪੰਜ ਰੁਪਏ—1968<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 155 |
| 3. | ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ<br>ਪੰਜ ਰੁਪਏ—1969<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 4. | ਕੋਨ ਪ੍ਰਤੀਕੋਨ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ<br>5.75 ਰੁਪਏ—1971<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 83 |
| 5. | ਮੈਲੀ ਪੁਸਤਕ | ਮੁਹਿੰਦਰਪਾਲ ਪਬਲਿਸ਼ਿੰਗ, ਜਲੰਧਰ<br>ਅੱਠ ਰੁਪਏ—1973<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 96 |
| 6. | ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ<br>ਵੀਹ ਰੁਪਏ—1978<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 139 |
| 7. | ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6<br>ਪੈਂਤੀ ਰੁਪਏ—1985<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 128 |
| 8. | ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>ਸੱਠ ਰੁਪਏ—1992<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 9. | ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>225 ਰੁਪਏ—2010 | 160 |

## ਸਮੁੱਚੇ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਅਘਰਵਾਸੀ<br>(1955–1983) | ਨਵਯੁਗ ਪਲਲਿਸ਼ਰਜ਼, ਦਿੱਲੀ-6<br>ਅੱਸੀ ਰੁਪਏ—1984 | 436 |
| 2. | ਮੇਰੀ ਕਹਾਣੀ<br>(1955–2005) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>495 ਰੁਪਏ—2006 | 648 |
| 3. | ਮੇਰੀਆਂ ਸਾਰੀਆਂ ਕਹਾਣੀਆਂ<br>(1955–2010) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>2017 | |



## ਚੋਣਵੇਂ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਸਮੇਂ ਦੇ ਨਾਲ ਨਾਲ<br>(1955–1989) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>140 ਰੁਪਏ—1989 | 322 |
| 2. | ਖੰਭਾਂ ਵਾਲੇ ਪਿੰਜਰੇ<br>(1955–2000) | ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ<br>325 ਰੁਪਏ—2001 | 376 |
| 3. | ਚੋਣਵੀਆਂ ਕਹਾਣੀਆਂ<br>(ਇਸਤਰੀ-ਮਰਦ ਪ੍ਰਸੰਗ<br>ਵਾਲੀਆਂ ਕਹਾਣੀਆਂ) | ਕੁਕਨੁਸ ਪ੍ਰਕਾਸ਼ਨ, ਜਲੰਧਰ<br>75 ਤੇ 40 ਰੁਪਏ—2002 | 111 |
| 4. | ਚੋਣਵੀਆਂ ਕਹਾਣੀਆਂ-2<br>(ਬ੍ਰਹਿਮੰਡਕ ਚੇਤਨਾ) | ਕੁਕਨੁਸ ਪ੍ਰਕਾਸ਼ਨ, ਜਲੰਧਰ-2008 | |

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

| | | | |
|---|---|---|---|
| 1. | ਖੰਭਾਂ ਵਾਲੇ ਪਿੰਜਰੇ | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ<br>450 ਰੁਪਏ—2000 | 432 |
| 2. | ਵਗਦੇ ਦਰਿਆ | ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ,<br>(1967–2010) ਪਾਕਿਸਤਾਨ, 2018 | |

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

1. *ਯੁਕਲਿਪਟਸ ਤੇ ਹੈਮਿੰਗਵੇ—ਨੈਸ਼ਨਲ ਬੁਕ ਸ਼ਾਪ, ਦਿੱਲੀ 112
   ਲੇਖਕ : ਡਾ. ਦੇਵਿੰਦਰ ਕੌਰ—35 ਰੁਪਏ—1989
2. **ਕਥਾ ਸਨਮੁਖ—ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ 168
   ਸੰਪਾ: ਰਵਿੰਦਰ ਰਵੀ—140 ਰੁਪਏ—2001
3. ***ਕਥਾ ਸਨਮੁਖ-2—ਨੈਸ਼ਨਲ ਬੁਕ ਸ਼ਾਪ, ਦਿੱਲੀ 204
   ਸੰਪਾ: ਰਵਿੰਦਰ ਰਵੀ—350 ਰੁਪਏ—2012

---

* "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੂਕਲਿਪਟਸ ਤੇ ਅੱਗ -ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ - ਡਾ. ਦੇਵਿੰਦਰ ਕੌਰ
3. ਹਮ ਛਿਣ -ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ -ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ -ਮਨਜੀਤ ਮੀਤ (ਕੈਨੇਡਾ)

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

**ਸਫ਼ਰਨਾਮਾ**

| | | | |
|---|---|---|---|
| 1. | ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

**ਵਾਰਤਕ : ਸਾਹਿਤਿਕ ਸੈ-ਜੀਵਨੀ**

| | | | |
|---|---|---|---|
| 1. | ਮੇਰੀ ਸਾਹਿਤਿਕ ਸੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. | ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. | ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸਾਹਿਤ ਸਮੀਖਿਆ ਤੇ ਸੰਕਲਨ**

| | | | |
|---|---|---|---|
| 1. | ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. | ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| | (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਿਕ, ਸਿਧਾਂਤਕ ਤੇ ਤਕਨੀਕੀ ਪਰਿਪੇਖ | ਨੈਸ਼ਨਲ ਬੁਕ ਸ਼ਾਪ, ਦਿੱਲੀ | 2018 |

**ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)**

| | | | |
|---|---|---|---|
| 1. | ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. | ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 3. | ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. | ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |
| 6. | Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. | Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |



**ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ**

| | | | |
|---|---|---|---|
| 1. | The Rebel Sound | Dave Book Centre, Nairobi, Kenya | 1968 |
| 2. | The Voices of Dissent | Seema Parkashan, Jalandhar India | 1972 |
| 3. | Indian Poetry Today (Volume One) | Indian Council for Cultural Relations, New Delhi | 1974 |
| 4. | Green Snow | Vesta Publications, Cornwall, Ontario, Canada | 1976 |
| 5. | Hundred Indian Poets | Oxford + IBH Publishing Company, India. | 1977 |

**ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ**

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਨਣ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, Autobiography ਭਾਗ ਵਿਚ ਪ੍ਰਾਪਤ ਕਰੋ : www.ravinder-ravi.com

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੂਕਲਿਪਟਸ ਤੇ ਹੈਮਿੰਗਵੇ : (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1989

2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ—2008

3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1999

5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2001

6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2002

7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2003

8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2004



9. ਰਵਿੰਦਰ ਰਵੀ ਦੀ ਕਹਾਣੀ-ਕਲਾ
   ਲੇਖਿਕਾ : ਦਲਜਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2006

10. ਰਵਿੰਦਰ ਰਵੀ ਦਾ ਨਾਟ-ਚਿੰਤਨ
    ਲੇਖਕ : ਡਾ. ਸਤਨਾਮ ਸਿੰਘ ਜੱਸਲ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2007

11. ਕਵੀ ਰਵਿੰਦਰ ਰਵੀ
    ਸੰਪਾਦਕ : ਮਨਜੀਤ ਮੀਤ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ
    ਲੇਖਕ : ਡਾ. ਗੁਰਜੰਟ ਸਿੰਘ
    ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ—2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ
    ਲੇਖਕ : ਮੁਨੀਸ਼ ਕੁਮਾਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿਲੀ—2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ
    ਲੇਖਿਕਾ : ਮਨਮੀਤ ਕੌਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ
    ਲੇਖਿਕਾ : ਡਾ. ਰਵਿੰਦਰ ਕੌਰ ਬੇਦੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਲੇਖਿਕਾ : ਡਾ. ਕਿਰਨਦੀਪ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ
ਲੇਖਿਕਾ : ਸਰਬਜੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2015

20. ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਲੇਖਕ : ਡਾ. ਨਾਨਕ ਸਿੰਘ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

21. ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ ਆਪਣੇ ਖਿਲਾਫ਼
(ਮੂਲ ਪਾਠ ਅਤੇ ਆਲੋਚਨਾ)
ਸੰਪਾਦਕ : ਮਨਜੀਤ ਸਿੰਘ (ਪ੍ਰੋ.), ਡਾ. ਜਸਪਾਲ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

22. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ
ਲੇਖਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2018

**ਨੋਟ** : 64 ਪੁਸਤਕਾਂ—ਰਵਿੰਦਰ ਰਵੀ ਦੀਆਂ ਜਾਂ ਉਸ ਉੱਤੇ ਪਿਛਲੇ 31 ਸਾਲਾਂ (1987-2018) ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ।



# ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ

## ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਸੁਖਵਿੰਦਰ ਕੌਰ ਮੱਲ੍ਹੀ
ਨਿਗਰਾਨ : ਡਾ. ਹਰਚੰਦ ਸਿੰਘ ਬੇਦੀ
ਵਿਸ਼ਾ : ਰਵਿੰਦਰ ਰਵੀ ਦੀ ਕਾਵਿ-ਰਚਨਾ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ 2002 ਵਿਚ ਪੂਰਾ ਹੋਇਆ

2. ਖੋਜਾਰਥੀ : ਗੁਰਜੰਟ ਸਿੰਘ
ਨਿਗਰਾਨ : ਡਾ. ਸ. ਪ. ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ, 2005 ਵਿਚ ਪੂਰਾ ਹੋਇਆ

3. ਖੋਜਾਰਥੀ : ਰਵਿੰਦਰ ਕੌਰ ਬੇਦੀ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਵਿਸ਼ਲੇਸ਼ਣ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
ਇਹ ਖੋਜ-ਕਾਰਜ, 2008-2009 ਵਿਚ ਪੂਰਾ ਹੋਇਆ

4. ਖੋਜਾਰਥੀ : ਕਿਰਨਦੀਪ ਕੌਰ
ਨਿਗਰਾਨ : ਡਾ. ਗੁਰਮੁਖ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਰਚਨਾ ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
ਇਹ ਖੋਜ-ਕਾਰਜ, 2013 ਵਿਚ ਪੂਰਾ ਹੋਇਆ

5. ਖੋਜਾਰਥੀ : ਨਾਨਕ ਸਿੰਘ
ਨਿਗਰਾਨ : ਡਾ. ਸੁਖਦੇਵ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
ਇਹ ਖੋਜ-ਕਾਰਜ, 2016 ਵਿਚ ਪੂਰਾ ਹੋਇਆ

6. ਖੋਜਾਰਥੀ : ਮੁਕੇਸ਼ ਲਤਾ
ਨਿਗਰਾਨ : ਡਾ. ਹਰਦਿਲਜੀਤ ਗੋਸਲ
ਵਿਸ਼ਾ : ਆਧੁਨਿਕਤਾ ਦੇ ਸੰਦਰਭ ਵਿਚ ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਅਧਿਐਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
ਇਹ ਖੋਜ-ਕਾਰਜ 2017 ਵਿਚ ਪੂਰਾ ਹੋਇਆ।

**ਇਸ ਸਮੇਂ ਹੋ ਰਿਹਾ ਖੋਜ-ਕਾਰਜ**

1. ਖੋਜਾਰਥੀ : ਸੁਰਿੰਦਰ ਕੰਬੋਜ
ਨਿਗਰਾਨ : ਡਾ. ਕਿਰਨਦੀਪ ਸਿੰਘ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ਵਿਚ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅਧਿਐਨ
ਯੂਨੀਵਰਸਿਟੀ : ਲਵਲੀ ਪਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

2. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਰਵਿੰਦਰ ਰਵੀ ਕਾਵਿ ਵਿੱਚ ਅਸਤਿਤਵਵਾਦ
ਯੂਨੀਵਰਸਿਟੀ : ਲਵਲੀ ਪਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

3. ਖੋਜਾਰਥੀ : ਕਰਮਜੀਤ ਕੌਰ
ਨਿਗਰਾਨ : ਡਾ. ਸਤੀਸ਼ ਕੁਮਾਰ ਵਰਮਾ
ਵਿਸ਼ਾ : ਰਵਿੰਦਰ ਰਵੀ ਦੇ ਨਾਟਕਾਂ ਦਾ ਰੰਗਮੰਚਕੀ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

4. ਖੋਜਾਰਥੀ : ਦੇਵਿੰਦਰ ਸਿੰਘ
ਨਿਗਰਾਨ : ਡਾ. ਸਤਿਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅੰਤਰ-ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ



# ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ. ਫਿਲ. ਪੱਧਰ ਦਾ ਖੋਜ-ਕਾਰਜ

**ਪੂਰਾ ਹੋ ਚੁੱਕਾ ਖੋਜ-ਕਾਰਜ**

1. ਖੋਜਾਰਥੀ : ਅਰਿੰਦਰ ਸਿੰਘ
ਨਿਗਰਾਨ : ਡਾ. ਸੁਰਿੰਦਰਪਾਲ ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1985-86 ਵਿਚ ਪੂਰਾ ਹੋਇਆ।

2. ਖੋਜਾਰਥੀ : ਮਨਜੀਤ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਆਲੋਚਨਾਤਮਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 1987-88 ਵਿਚ ਪੂਰਾ ਹੋਇਆ।

3. ਖੋਜਾਰਥੀ : ਜਸਪਾਲ ਕੌਰ
ਨਿਗਰਾਨ : ਡਾ. ਸੁਤਿੰਦਰ ਸਿੰਘ ਨੂਰ
ਵਿਸ਼ਾ : ਰਵਿੰਦਰ ਰਵੀ ਦੇ "ਪਿਆਸਾ ਬੱਦਲ" ਦਾ ਕਾਵਿ-ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 1991-92 ਵਿਚ ਪੂਰਾ ਹੋਇਆ।

4. ਖੋਜਾਰਥੀ : ਦਲਜਿੰਦਰ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੀ ਕਹਾਣੀ-ਕਲਾ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 2003-2004 ਵਿਚ ਪੂਰਾ ਹੋਇਆ।

5. ਖੋਜਾਰਥੀ : ਮੁਨੀਸ਼ ਕੁਮਾਰ
ਨਿਗਰਾਨ : ਡਾ. ਗੁਰਚਰਨ ਸਿੰਘ ਅਰਸ਼ੀ
ਵਿਸ਼ਾ : ਰਵਿੰਦਰ ਰਵੀ ਦੇ "ਸੂਰਜ ਨਾਟਕ" ਦਾ ਸਰੰਚਨਾਤਮਕ ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 2006 ਵਿਚ ਪੂਰਾ ਹੋਇਆ।

6. ਖੋਜਾਰਥੀ : ਸੁਰਿੰਦਰ ਕੁਮਾਰ
ਨਿਗਰਾਨ : ਡਾ. ਰਘਬੀਰ ਕੌਰ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ 'ਚ ਰਵਿੰਦਰ ਰਵੀ ਦੇ ਕਾਵਿ-ਨਾਟਕ "ਅੱਧੀ ਰਾਤ ਦੁਪਹਿਰ" ਤੇ "ਸਿਫ਼ਰ ਨਾਟਕ" ਦਾ ਅਧਿਐਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 2007-2008 ਵਿਚ ਪੂਰਾ ਹੋਇਆ।

7. ਖੋਜਾਰਥੀ : ਮਨਮੀਤ ਕੌਰ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਸਫ਼ਰਨਾਮਾ, "ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ"
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ
—ਇਹ ਖੋਜ-ਕਾਰਜ 2009-10 ਸੈਸ਼ਨ ਵਿਚ ਪੂਰਾ ਹੋਇਆ।

8. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਪਰਵਾਸੀ ਪੰਜਾਬੀ ਕਵਿਤਾ ਵਿਚ ਸੱਭਿਆਚਾਰਕ ਤਣਾਉ (ਰਵਿੰਦਰ ਰਵੀ-ਕਾਵਿ ਦੇ ਸੰਦਰਭ ਵਿਚ)
ਯੂਨੀਵਰਸਿਟੀ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ
—ਇਹ ਖੋਜ-ਕਾਰਜ 2015 ਵਿਚ ਪੂਰਾ ਹੋਇਆ।

9. ਖੋਜਾਰਥੀ : ਹਰਪ੍ਰੀਤ ਕੁਮਾਰ
ਨਿਗਰਾਨ : ਸੱਤਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਨਾਟਕ : ਸਰੋਕਾਰ ਅਤੇ ਤਕਨੀਕ ("ਆਪੋ ਆਪਣੇ ਦਰਿਆ" ਦੇ ਪ੍ਰਸੰਗ ਵਿੱਚ)
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ, ਪੰਜਾਬ, ਭਾਰਤ
—ਇਹ ਖੋਜ-ਕਾਰਜ ਅਪ੍ਰੈਲ, 2017 ਵਿਚ ਪੂਰਾ ਹੋਇਆ।

**ਐਮ. ਏ. (ਪੰਜਾਬੀ) ਭਾਗ ਦੂਜਾ ਦੇ ਚੌਥੇ ਪਰਚੇ ਲਈ ਪੂਰਾ ਹੋਇਆ ਖੋਜ-ਕਾਰਜ**

1. ਖੋਜਾਰਥੀ : ਪਰਮਦੀਪ ਭੁੱਲਰ
ਨਿਗਰਾਨ : ਪ੍ਰੋ. ਕੇਵਲ ਸਿੰਘ ਥਿੰਦ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਨਾਟਕ : "ਬੀਮਾਰ ਸਦੀ"-ਇਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1974-75 ਵਿਚ ਪੂਰਾ ਹੋਇਆ।



# ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ

| | ਪੁਰਸਕਾਰ | ਵਲੋਂ (ਇਦਾਰਾ) | ਸਾਲ |
|---|---|---|---|
| 1. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1965 |
| 2. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" | ਪੁਰਸਕਾਰ ਪੰਜਾਬੀ ਦਰਬਾਰ, ਪੰਜਾਬ, ਭਾਰਤ | 1965 |
| 3. | ਪਿਛਲੇ ਪੰਦਰਾਂ ਸਾਲਾਂ ਵਿਚ ਨਵੀਆਂ ਲੀਹਾਂ ਪਾਉਣ ਵਾਲੀ ਨਾਟ-ਪੁਸਤਕ "ਬੀਮਾਰ ਸਦੀ" ਪੁਰਸਕਾਰ | ਸਰਬੋਤਮ ਪੰਜਾਬੀ ਲਿਟਰੇਰੀ ਫ਼ੋਰਮ, ਚੰਡੀਗੜ੍ਹ, ਭਾਰਤ | 1975 |
| 4. | ਸਾਲ 1974 ਦੀ ਸਰਬੋਤਮ ਕਾਵਿ-ਨਾਟ ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1976 |
| 5. | ਸਾਲ 1979 ਦੀ ਸਰਬੋਤਮ ਗੱਦ-ਪੁਸਤਕ "ਸਿਮਰਤੀਆਂ ਦੇ ਦੇਸ਼" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1979 |
| 6. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਬਦੇਸ਼ੀ) | ਭਾਸ਼ਾ ਵਿਭਾਗ, ਪੰਜਾਬ, ਭਾਰਤ | 1980 |
| 7. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ, ਭਾਰਤ | 1980 |
| 8. | ਈਸ਼ਵਰ ਚੰਦਰ ਨੰਦਾ ਪੁਰਸਕਾਰ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਵਾਸਤੇ | ਭਾਸ਼ਾ ਵਿਭਾਗ, ਪੰਜਾਬ, ਭਾਰਤ | 1983 |
| 9. | ਪ੍ਰੋਫ਼ੈਸਰ ਮੋਹਨ ਸਿੰਘ ਪੁਰਸਕਾਰ | ਪੰਜ ਦਰਿਆ ਪੰਜਾਬੀ ਅਕਾਦਮੀ, ਟਰਾਂਟੋ, ਕੈਨੇਡਾ | 1989 |
| 10. | ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਲੁਧਿਆਣਾ, ਭਾਰਤ | ਪੰਜਾਬੀ ਅਕਾਦਮੀ, | 1992 |
| 11. | ਸਾਈਂ ਬੁੱਲ੍ਹੇ ਸ਼ਾਹ ਪੁਰਸਕਾਰ | ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ, ਡੈਨਮਾਰਕ | 1993 |
| 12. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬੀ ਸਾਹਿਤ ਸਭਾ, ਕੈਲੇਫ਼ੋਰਨੀਆਂ, ਅਮਰੀਕਾ | 1994 |

| | | |
|---|---|---|
| 13. ਬਾਵਾ ਬਲਵੰਤ ਪੁਰਸਕਾਰ | ਸਾਹਿਤ ਵਿਚਾਰ ਕੇਂਦਰ (ਰਜਿ.),<br>ਅੰਮ੍ਰਿਤਸਰ, ਪੰਜਾਬ, ਭਾਰਤ | 1994 |
| 14. ਪੋਇਟ ਆਫ਼ ਦ ਯੀਅਰ ਅਵਾਰਡ<br>Poet of the Year Award | Alumni of The World<br>University, Cornwall, Canada | 1996 |
| 15. ੜ਼ਅ ਰਗਿ ਵੀਕ ਸ਼ਕ਼ਫਕ ਂਮ਼ਗਦ | ਅਦੀਬ ਇੰਟਰਨੈਸ਼ਨਲ,<br>(ਸਾਹਿਰ ਕਲਚਰਲ ਅਕਾਦਮੀ),<br>ਲੁਧਿਆਣਾ, ਭਾਰਤ | 1997 |
| 16. ਪ੍ਰੋ. ਪੂਰਨ ਸਿੰਘ<br>ਦਹਿਸਦੀ (Millenium) ਪੁਰਸਕਾਰ | ਪੰਜਾਬੀ ਯੂਨੀਵਰਸਿਟੀ,<br>ਪਟਿਆਲਾ, ਭਾਰਤ | 2000 |
| 17. ਮਹਾਰਾਜਾ ਰਣਜੀਤ ਸਿੰਘ<br>ਯਾਦਗਾਰੀ ਪੁਰਸਕਾਰ | ਪੰਜਾਬੀ ਯੂਨੀਵਰਸਿਟੀ,<br>ਪਟਿਆਲਾ, ਭਾਰਤ | 2001 |
| 18. ਸਮੁੱਚੀ ਸਾਹਿਤ-ਸੇਵਾ ਪੁਰਸਕਾਰ | ਇੰਡੋ-ਕਨੇਡੀਅਨ ਕਲਚਰਲ ਐਸੋਸੀਏਸ਼ਨ,<br>ਸਰੀ, ਬੀ.ਸੀ. ਕੈਨੇਡਾ | 2005 |
| 19. ਜੀਵਨ-ਕਾਲ ਪ੍ਰਾਪਤੀ ਪੁਰਸਕਾਰ<br>Life-Time Achievement Award | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ,<br>ਲਾਹੌਰ, ਪਾਕਿਸਤਾਨ | 2006 |
| 20. ਤਮਗ਼ਾ-ਏ-ਹੁਸਨ-ਏ-ਕਾਰਕਰਦਗੀ<br>Pride of Performance Award | World Institute of Punjabi<br>Literature and Heritage,<br>Lahore, Pakistan | 2006 |
| 21. ਸੋਨ ਤਮਗ਼ਾ (Gold Medal)<br>ਕਾਵਿ-ਨਾਟਕਾਂ ਵਾਸਤੇ | ਐਸੋਸੀਏਸ਼ਨ ਆਫ ਰਾਈਟਰਜ਼ ਐਂਡ<br>ਆਰਟਿਸਟਸ, ਲਾਹੌਰ, ਪਾਕਿਸਤਾਨ | 2006 |
| 22. ਸੌ ਸਾਲਾ ਵਰ੍ਹੇ ਗੰਢ ਦਿਵਸ<br>ਯਾਦਗਾਰੀ "ਵਿਲੱਖਣ ਪ੍ਰਾਪਤੀ ਪੁਰਸਕਾਰ" | ਖਾਲਸਾ ਦੀਵਾਨ ਸੋਸਾਇਟੀ,<br>ਵੈਨਕੂਵਰ, ਬੀ.ਸੀ., ਕੈਨੇਡਾ | 2006 |
| 23. ਫੈਲੋਸ਼ਿਪ | ਪੰਜਾਬੀ ਅਕਾਦਮੀ,<br>ਲਿਸਟਰ, ਇੰਗਲੈਂਡ | 2007 |
| 24. ਅੰਮ੍ਰਿਤਾ ਪ੍ਰੀਤਮ ਮੈਮੋਰੀਅਲ<br>ਇੰਟਰਨੈਸ਼ਨਲ ਅਵਾਰਡ<br>ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ<br>ਪੰਜਾਬੀ ਸਾਹਿਤ ਅਕਾਦਮੀ,<br>ਟਰਾਂਟੋ, ਕੈਨੇਡਾ | 2007 |



| | | |
|---|---|---|
| 25. ਸਰਬ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ | ਪਰਵਾਸੀ ਮੀਡੀਆ ਗਰੁੱਪ,<br>ਟਰਾਂਟੋ, ਕੈਨੇਡਾ | 2008 |
| 26. Honorary Life Time<br>Membership Awrad | ਨਿਸਗਾ ਟੀਚਰਜ਼ ਯੂਨੀਅਨ,<br>ਨਿਊ ਆਏਐਂਸ਼, ਬੀ.ਸੀ., ਕੈਨੈਡਾ | 2010 |
| 27. ਨਾਟ ਸ਼੍ਰੋਮਣੀ | ਪੰਜਾਬੀ ਨਾਟ ਅਕਾਦਮੀ,<br>ਲੁਧਿਆਣਾ, ਭਾਰਤ | 2011 |
| 28. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਕੇਂਦਰੀ ਪੰਜਾਬੀ ਲੇਖਕ ਸਭਾ,<br>ਉੱਤਰੀ ਅਮਰੀਕਾ,<br>ਸਰੀ, ਬੀ.ਸੀ., ਕੈਨੇਡਾ | 2011 |
| 29. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | (UBC) ਯੂਨੀਵਰਸਿਟੀ ਆਫ਼<br>ਬ੍ਰਿਟਿਸ਼ ਕੋਲੰਬੀਆ, ਵੈਨਕੂਵਰ, ਕੈਨੇਡਾ | 2011 |
| 30. ਇਕਬਾਲ ਅਰਪਨ ਯਾਦਗਾਰੀ<br>ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਅਰਪਨ ਲਿਖਾਰੀ ਸਭਾ,<br>ਕੈਲਗਰੀ, ਅਲਬਰਟਾ, ਕੈਨੇਡਾ | 2012 |
| 31. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਪੰਜਾਬੀ ਆਰਸੀ<br>ਰਾਈਟਰਜ਼ ਕਲੱਬ, (ਕੈਨੇਡਾ) | 2013 |
| 32. ਬਲਵੰਤ ਗਾਰਗੀ ਮੈਮੋਰੀਅਲ<br>ਇੰਟਰਨੈਸ਼ਨਲ ਅਵਾਰਡ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ<br>ਪੰਜਾਬੀ ਸਾਹਿਤ ਅਕਾਦਮੀ,<br>ਆਫ਼ ਡਿਸਟਿੰਕਸ਼ਨ ਟਰਾਂਟੋ, ਕੈਨੇਡਾ | 2015 |
| 33. ਕਰਤਾਰ ਸਿੰਘ ਦੁੱਗਲ ਮੈਮੋਰੀਅਲ<br>ਇੰਟਰਨੈਸ਼ਨਲ ਅਵਾਰਡ ਆਫ<br>ਡਿਸਟਿੰਕਸ਼ਨ (ਫਾਰ ਪੰਜਾਬੀ<br>ਸ਼ਾਰਟ ਸਟੋਰੀਜ਼) ਪੁਸਤਕ :<br>"ਮੇਰੀਆਂ ਸਾਰੀਆਂ ਕਹਾਣੀਆਂ" ਲਈ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ<br>ਪੰਜਾਬੀ ਸਾਹਿਤ ਅਕਾਦਮੀ,<br>ਟਰਾਂਟੋ, ਕੈਨੇਡਾ | 2017 |

# ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ

**ਸੰਸਥਾ ਸਾਲ**

| | | |
|---|---|---|
| 1. | ਪੰਜਾਬੀ ਲਿਖਾਰੀ ਸਭਾ, ਨੈਰੋਬੀ, ਕੀਨੀਆਂ | 1974 |
| 2. | ਮਾਸਕ 'ਦ੍ਰਿਸ਼ਟੀ', ਜਲੰਧਰ, ਪੰਜਾਬ, ਭਾਰਤ | 1976 |
| 3. | ਪੰਜਾਬੀ ਲਿਖਾਰੀ ਸਭਾ (ਰਜਿ.), ਜਗਤਪੁਰ, ਪੰਜਾਬ, ਭਾਰਤ | 1981 |
| 4. | ਮਾਸਕ 'ਅਕਸ' ਮੰਚ, ਨਵੀਂ ਦਿੱਲੀ, ਭਾਰਤ | 1993 ਤੇ 2001 |
| 5. | ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ਭਾਰਤ | 1993 |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ, ਭਾਰਤ | 1993 |
| 7. | ਇੰਟਰਨੈਸ਼ਨਲ ਲਿਟਰੇਰੀ ਐਂਡ ਕਲਚਰਲ ਫੋਰਮ, ਲਿਸਟਰ, ਇੰਗਲੈਂਡ (U.K.) | 1995 |
| 8. | ਮੇਲ ਮਿਲਾਪ ਸਾਹਿਤ ਸਭਾ, ਗਲਾਸਗੋ, ਸਕਾਟਲੈਂਡ (U.K.) | 2000 |
| 9. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2001 |
| 10. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2001 |
| 11. | ਸਿਰਜਣਾ ਸੰਗਮ, ਪਟਿਆਲਾ, ਪੰਜਾਬ, ਭਾਰਤ | 2001 |
| 12. | ਪੰਜਾਬੀ ਲੇਖਕ ਸਭਾ, ਪਟਿਆਲਾ, ਪੰਜਾਬ, ਭਾਰਤ | 2001 |
| 13. | ਪੰਜਾਬੀ ਲਿਟਰੇਰੀ ਫੋਰਮ, ਪਟਿਆਲਾ ਪੰਜਾਬ, ਭਾਰਤ | 2001 |
| 14. | ਰਚਨਾ ਵਿਚਾਰ ਮੰਚ, ਨਾਭਾ, ਪੰਜਾਬ, ਭਾਰਤ | 2001 |
| 15. | ਲਾਇਲਪੁਰ ਖਾਲਸਾ ਕਾਲਜ, ਜਲੰਧਰ, ਪੰਜਾਬ, ਭਾਰਤ | 2002 |
| 16. | ਨਿਸਗਾ ਸਕੂਲ ਜ਼ਿਲ੍ਹਾ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2003 |
| 17. | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2004 |
| 18. | ਵਿਸ਼ਵ ਪੰਜਾਬੀ ਅਕਾਦਮੀ, ਕੈਲੇਫੋਰਨੀਆ, ਅਮਰੀਕਾ | 2004 |
| 19. | ਪੰਜਾਬੀ ਪੱਤਰਕਾਰ ਸੰਸਥਾ, ਲਾਹੌਰ, ਪਾਕਿਸਤਾਨ | 2006 |
| 20. | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2006 |
| 21. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਜਲੰਧਰ, ਭਾਰਤ | 2006 |
| 22. | ਪੰਜਾਬੀ ਲਿਖਾਰੀ ਸਭਾ, ਜਗਤਪੁਰ (ਰਜਿ.), ਜ਼ਿਲ੍ਹਾ ਨਵਾਂ ਸ਼ਹਿਰ, ਭਾਰਤ | 2006 |
| 23. | ਅਦਾਰਾ ਵੀਯਨਜ਼ ਆਫ਼ ਪੰਜਾਬ, ਟੀ.ਵੀ., ਬਰੈਂਪਟਨ, ਕੈਨੇਡਾ | 2007 |



| | | |
|---|---|---|
| 24. | ਰਚਨਾ ਵਿਚਾਰ ਮੰਚ, ਪੰਜਾਬ (ਰਜਿ.), ਨਾਭਾ | 2008 |
| 25. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2008 |
| 26. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2008 |
| 27. | UBC ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਏਸ਼ੀਅਨ ਲਾਇਬ੍ਰੇਰੀ ਵੈਨਕੂਵਰ, ਬੀ.ਸੀ., ਕੈਨੇਡਾ | 2010 |
| 28. | ਪੰਜਾਬੀ ਅਦਬੀ ਸੰਗਤ, ਸਰੀ, ਬੀ.ਸੀ., ਕੈਨੇਡਾ | 2013 |
| 29. | ਸੁੱਖੀ ਬਾਠ ਫਾਊਂਡੇਸ਼ਨ, ਸਰੀ, ਬੀ.ਸੀ., ਕੈਨੇਡਾ | 2014 |

# ਇਆਪਾ (I.A.P.A.A.) ਤੇ ਇਸ ਵਲੋਂ ਦਿੱਤੇ ਗਏ ਪੁਰਸਕਾਰ

ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ) ਦੀ ਸਥਾਪਨਾ ਮੈਂ, ਡਾ. ਗੁਰੂਮੇਲ, ਸਰਗੀ ਤਾਰਾ ਸਿੰਘ ਹੇਅਰ (ਸੰਪਾਦਕ: ਇੰਡੋ-ਕਨੇਡੀਅਨ ਟਾਇਮਜ਼), ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ ਅਤੇ ਭੁਪਿੰਦਰ ਧਾਲੀਵਾਲ ਆਦਿ ਨੂੰ ਨਾਲ ਲੈ ਕੇ, 3 ਜੁਲਾਈ, 1978 ਨੂੰ ਕੀਤੀ। ਇਸ ਸੰਸਥਾ ਵਲੋਂ 1981 ਵਿਚ ਮੇਰੀ ਸੰਪਾਦਨਾ ਹੇਠਾਂ 'ਵਿਸ਼ਵ ਪੰਜਾਬੀ ਸਾਹਿਤ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ 12 ਦੇਸ਼ਾਂ ਦੇ 100 ਕੁ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਸਨ।

ਲੋਕ ਮੰਚ ਨਾਲ ਜੁੜੇ ਜੋਗਿੰਦਰ ਬਾਹਰਲਾ ਨੂੰ ਇਸ ਸੰਸਥਾ ਵਲੋਂ 1979 ਵਿਚ ਸਨਮਾਨਤ ਕੀਤਾ ਗਿਆ। 1980 ਵਿਚ 500 ਡਾਲਰ ਦੇ ਪ੍ਰੋ. ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ/ਪੱਤਰਕਾਰ/ਕਲਾਕਾਰ ਪੁਰਸਕਾਰ ਦੀ ਸਥਾਪਨਾ ਕੀਤੀ ਗਈ।

ਇਹ ਪੁਰਸਕਾਰ ਹੁਣ ਤਕ ਹੇਠ ਲਿਖੇ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦਿੱਤਾ ਜਾ ਚੁੱਕਾ ਹੈ :

| | | | |
|---|---|---|---|
| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |

| | | | |
|---|---|---|---|
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |
| 51. | ਚਰਨ ਸਿੰਘ | ਕੈਨੇਡਾ | 2011 |
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ<br>ਸ਼੍ਰੋਮਣੀ ਨਟ ਸਮਰਾਟ ਪੁਰਸਕਾਰ | ਭਾਰਤ | 2013 |
| 54. | ਕੇਵਲ ਧਾਲੀਵਾਲ<br>ਬਲਵੰਤ ਗਾਰਗੀ ਯਾਦਗਾਰੀ ਰੰਗਮੰਚ ਪੁਰਸਕਾਰ | ਭਾਰਤ | 2016 |
| 55. | ਕੇਵਲ ਧਾਲੀਵਾਲ<br>ਸ਼੍ਰੋਮਣੀ ਕਾਵਿ-ਨਾਟ-ਨਿਰਦੇਸ਼ਕ | ਭਾਰਤ | 2017 |
| 56. | ਕੇਵਲ ਧਾਲੀਵਾਲ<br>ਰੰਗਮੰਚ ਰਤਨ ਪੁਰਸਕਾਰ | ਭਾਰਤ | 2018 |

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ<br>(ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

**-ਰਵਿੰਦਰ ਰਵੀ**

ਜੁਲਾਈ 31, 2017



# ਰਵਿੰਦਰ ਰਵੀ ਆਲੋਚਕਾਂ ਦੀ ਨਜ਼ਰ ਵਿਚ



ਡਾ. ਸਾਹਿਬ ਸਿੰਘ
ਉਜਾਗਰ ਸਿੰਘ

# ਬੀਮਾਰ ਸਦੀ ਦਾ ਮਰਜ਼ ਪਛਾਨਣ ਵਾਲਾ ਰਵਿੰਦਰ ਰਵੀ

## ਡਾ. ਸਾਹਿਬ ਸਿੰਘ

ਕਵਿਤਾ ਅਹਿਸਾਸ ਦੀ ਸ਼ਿੱਦਤ 'ਚੋਂ ਨਿਕਲਦੀ ਹੈ। ਸ਼ਬਦਾਂ ਦੀ ਜਾਦੂਗਰੀ ਇਸ ਨੂੰ ਖੰਭ ਬਖਸ਼ਦੀ ਹੈ ਤੇ ਰਚਨਾਕਾਰੀ ਦਾ ਸ਼ਿਲਪ ਇਸ ਨੂੰ ਸਿੱਕੇਬੰਦ ਬਣਾਉਂਦਾ ਹੈ। ਨਾਟਕ ਵੀ ਜਜ਼ਬਾਤੀ ਸ਼ਿੱਦਤ ਅਤੇ ਸ਼ਿਲਪ ਦੀ ਸਮਝ ਮੰਗਦਾ ਹੈ। ਫਿਰ ਤਾਂ ਹਰ ਕਵੀ ਨਾਟਕਕਾਰ ਹੋ ਸਕਦਾ ਹੈ ਤੇ ਹਰ ਨਾਟਕਕਾਰ ਕਵੀ, ਪਰ ਅਜਿਹਾ ਨਾ ਸੰਭਵ ਹੋਇਆ ਹੈ ਤੇ ਨਾ ਹੀ ਹੋ ਸਕਦਾ ਹੈ। ਕਵਿਤਾ ਕਥਾ ਦੀ ਮੁਹਤਾਜ ਨਹੀਂ ਹੁੰਦੀ। ਕਵਿਤਾ ਤਣਾਅ ਤੋਂ ਬਿਨਾ ਵੀ ਸੰਪੂਰਨ ਹੋ ਸਕਦੀ ਹੈ। ਇਸ ਨੂੰ ਦੋ ਪਾਤਰਾਂ, ਦੋ ਸਥਿਤੀਆਂ, ਦੋ ਵਿਚਾਰਾਂ ਦੀ ਟੱਕਰ ਹਮੇਸ਼ਾ ਨਹੀਂ ਲੋੜੀਂਦੀ, ਪਰ ਨਾਟਕ ਕਥਾ ਦੀ ਮੰਗ ਕਰਦਾ ਹੈ। ਨਾਟਕ ਆਰੰਭ, ਮੱਧ ਅਤੇ ਸਿਖਰ ਦੀ ਮੰਗ ਕਰਦਾ ਹੈ। ਨਾਟਕ ਤਣਾਅ ਅਤੇ ਟੱਕਰ ਰੂਪੀ ਗਹਿਣਿਆਂ ਦਾ ਸ਼ਿੰਗਾਰ ਕਰਨਾ ਜ਼ਰੂਰੀ ਸਮਝਦਾ ਹੈ।

ਪੰਜਾਬੀ ਵਿੱਚ ਕਵੀ ਅਮਿਤੋਜ ਨੇ ਬਹੁਤ ਮੁੱਲਵਾਨ ਨਾਟਕ ਸਕ੍ਰਿਪਟਾਂ ਲਿਖੀਆਂ ਅਤੇ ਚਰਚਤ ਹੋਈਆਂ। ਡਾ. ਸੁਰਜੀਤ ਪਾਤਰ ਕਵੀ ਨਾਟਕਾਰ ਦੇ ਤੌਰ 'ਤੇ ਡਾ. ਨੀਲਮ ਮਾਨ ਸਿੰਘ ਚੌਧਰੀ ਦੇ ਰੰਗਮੰਚ ਦਾ ਅਨਿੱਖੜਵਾਂ ਅੰਗ ਬਣਿਆ ਹੋਇਆ ਹੈ। ਡਾ. ਸਵਰਾਜਬੀਰ ਜਦੋਂ ਕਵਿਤਾ ਤੋਂ ਨਾਟਕਕਾਰੀ ਵੱਲ ਤੁਰਿਆ ਤਾਂ ਦੋਵੇਂ ਵਿਧਾਵਾਂ ਦੇ ਸ਼ਿਲਪ ਉੱਤੇ ਬਰਾਬਰ ਪਕੜ ਹੋਣ ਕਾਰਨ ਪੰਜਾਬੀ ਨਾਟਕਕਾਰੀ ਦਾ ਨਵਾਂ ਅਧਿਆਇ ਅਰੰਭ ਹੋਇਆ ਅਤੇ ਪੰਜਾਬੀ ਰੰਗਮੰਚ ਅਮੀਰ ਹੋਇਆ।

ਡਾ. ਸ਼ਹਿਰਯਾਰ, ਸਵਰਨਜੀਤ ਸਵੀ, ਅਮਰਜੀਤ ਗਰੇਵਾਲ, ਪ੍ਰਮਿੰਦਰਜੀਤ ਜਿਹੇ ਨਾਮਵਰ ਕਵੀ ਨਾਟਕਕਾਰੀ ਵਲ ਰੁਚਿਤ ਹੋਏ, ਪਰ ਇਨ੍ਹਾਂ ਸਭਨਾਂ ਨਾਵਾਂ ਦੇ ਵਿਚਕਾਰ ਇਕ ਨਾਂ ਅਜਿਹਾ ਹੈ ਜਿਸ ਨੇ ਆਪਣੇ ਆਪ ਨੂੰ ਕਾਵਿਨਾਟਕ ਲਈ ਸਮਰਪਿਤ ਕਰ ਦਿੱਤਾ : ਰਵਿੰਦਰ ਰਵੀ। ਉਹ ਕਵਿਤਾ ਦੀ ਉਡਾਣ ਅਤੇ ਨਾਟਕ

ਦੀ ਪਛਾਣ ਨੂੰ ਅਲੱਗ ਕਰਕੇ ਵੇਖਣ ਤੋਂ ਇਨਕਾਰੀ ਹੈ। ਉਹ ਪਿੰਡਾ ਨਾਟਕ ਵਾਲਾ ਸਿਰਜਦਾ ਹੈ, ਪਰ ਰੂਹ ਕਵਿਤਾ ਤੋਂ ਉਧਾਰੀ ਲੈਂਦਾ ਹੈ। ਉਸਦੀ ਸ਼ਬਦ-ਜੜਤ ਕਾਵਿਕ ਹੈ, ਪਰ ਦ੍ਰਿਸ਼-ਜੜਤ ਨਾਟਕੀ ਹੈ। ਅੱਗ ਵਾਂਗ ਦਹਿਕਦੇ ਸ਼ਬਦ, ਕਵਿਤਾ ਦੇ ਨਾਜ਼ੁਕ ਪਿੰਡੇ ਨੂੰ ਸੋਂਹਦੇ ਨਿੱਕੇ ਵਾਕ, ਨਿਰਦੇਸ਼ਕ ਨੂੰ ਚੁਣੌਤੀ ਦਿੰਦੀਆਂ ਸੰਖੇਪ ਝਾਕੀਆਂ, ਇੱਕੋ ਨਾਟਕ ਵਿੱਚ ਗਲੋਬਲੀ ਦ੍ਰਿਸ਼ ਉੱਤੇ ਵਾਪਰ ਰਹੀਆਂ ਅਨੇਕ ਘਟਨਾਵਾਂ ਨੂੰ ਇਕ ਕੇਂਦਰੀ ਸੂਤਰ ਵਿੱਚ ਪਰੋ ਕੇ ਇਕਾਗਰਤਾ ਕਾਇਮ ਰੱਖਣਾ, ਭਾਵੁਕ ਸੰਵਾਦ ਲਿਖਦਿਆਂ ਵੀ ਸੁਚੇਤ ਰੂਪ 'ਚ ਉਲਾਰ ਹੋਣ ਤੋਂ ਬਚਣਾ, ਰਵਿੰਦਰ ਰਵੀ ਨੂੰ ਇਕ ਵੱਖਰਾ ਮੁਕਾਮ ਬਖਸ਼ਦਾ ਹੈ। ਉਸ ਦੀ ਪਹੁੰਚ ਵਿਆਪਕ ਹੈ। ਦਾਇਰਿਆਂ 'ਚ ਸੀਮਤ ਹੋ ਕੇ ਜਿਊਣਾ ਤੇ ਦਾਇਰਾ-ਬੰਦ ਹੋ ਕੇ ਆਪਣੀ ਰਚਨਾਤਮਕਤਾ ਨੂੰ ਕੋਈ ਸਮੂਹ-ਇੱਛਤ ਮੋੜ ਦੇਣਾ ਉਸ ਦੀ ਸ਼ਬਦਾਵਲੀ 'ਚੋਂ ਗੈਰ ਹਾਜ਼ਰ ਹੈ। ਉਹ ਬਾਗੀ ਧੜੇ ਦਾ ਹਸਤਾਖਰ ਹੈ ਤੇ ਰਹੇਗਾ।

ਜਨਮ ਤੋਂ ਉਹ ਸਿਆਲਕੋਟੀਆ ਹੈ। ਉਂਜ ਉਹ ਨਵਾਂ ਸ਼ਹਿਰ ਜ਼ਿਲ੍ਹੇ ਦਾ ਜਗਤਪੁਰੀਆ ਹੈ। ਮੌਕਾ ਮੇਲ ਐਸਾ ਕਿ ਉਸ ਦੀ ਅਧਿਆਪਕ ਵਜੋਂ ਪਹਿਲੀ ਨੌਕਰੀ ਉਸ ਦੇ ਜੱਦੀ ਪਿੰਡ ਜਗਤਪੁਰ ਵਿੱਚ ਹੀ ਲੱਗੀ। ਪਰ ਉਸਦੀ ਤਸੱਲੀ ਏਨੀ ਛੇਤੀ ਹੋ ਜਾਂਦੀ, ਤਾਂ ਸਾਨੂੰ ਅਨੇਕਾਂ ਕਾਵਿ ਨਾਟਕ ਕਿਵੇਂ ਮਿਲਦੇ। ਉਹ ਪੜ੍ਹਾਉਂਦਾ ਵੀ ਤੇ ਖੁਦ ਪੜ੍ਹਦਾ ਵੀ ਗਿਆ। ਜੇ.ਬੀ.ਟੀ., ਗਿਆਨੀ, ਬੀ.ਏ., ਐਮ.ਏ., ਬੀ.ਟੀ. ... ਡਿਗਰੀਆਂ ਉਸਦੀ ਝੋਲੀ ਡਿੱਗਦੀਆਂ ਰਹੀਆਂ। 1967 'ਚ ਉਹ ਕੀਨੀਆਂ ਚਲਾ ਗਿਆ ਤੇ ਘੁੰਮਦਾ ਘੁਮਾਉਂਦਾ 1974 'ਚ ਪੱਕੇ ਤੌਰ 'ਤੇ ਕੈਨੇਡਾ ਜਾ ਵੱਸਿਆ। ਉਦੋਂ ਤੋਂ ਹੁਣ ਤਕ ਉਹ ਕਾਵਿ-ਨਾਟਕ ਲਿਖ ਰਿਹਾ ਹੈ।

1974 'ਚ ਉਸ ਦਾ ਪਹਿਲਾ ਕਾਵਿ-ਨਾਟਕ 'ਬੀਮਾਰ ਸਦੀ' ਸਾਹਮਣੇ ਆਇਆ, ਜਿਸ ਨੂੰ ਡਾ. ਸੁਰਜੀਤ ਸਿੰਘ ਸੇਠੀ ਨੇ 1976 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖੇਡਿਆ। ਨਾਟਕ ਮਸ਼ੀਨੀ ਤਹਿਜ਼ੀਬ ਦਾ ਪਰਦਾ ਉਤਾਰ ਰਿਹਾ ਸੀ। ਰਵੀ ਦੇ ਨਾਟਕਾਂ 'ਚ ਦੋ ਪਾਤਰ ਵਾਰ ਵਾਰ ਆਉਂਦੇ ਹਨ, ਜਿਨ੍ਹਾਂ ਦਾ ਉਹ ਨਾਮਕਰਨ ਨਹੀਂ ਕਰਦਾ। ਸਿਰਫ 'ਔਰਤ', 'ਮਰਦ' ਲਿਖਦਾ ਹੈ। "ਬੀਮਾਰ ਸਦੀ" ਦੀ ਔਰਤ 'ਮਰਦ' ਨੂੰ ਸੰਬੋਧਤ ਹੁੰਦੀ ਹੈ :

ਇਹ ਕਹੇ ਸਦੀ ਬੀਮਾਰ ਬੜੀ,
ਮੈਂ ਸਮਝਾਂ, ਦਿਲਕਸ਼ ਸੁਹਜ ਭਰੀ !
ਕੀ ਇਸ ਦੀ ਅੱਖ ਯਰਕਾਨੀ ਹੈ ?
ਜਾਂ ਦੁਨੀਆਂ ਦਾ ਰੰਗ ਪੀਲਾ ਹੈ ?
ਜਾਂ ਕੌਣ ਬਦਲ ਗਿਆ ਵੇਖਣ ਦਾ ?
ਜਾਂ ਕੀਮਤ ਬਦਲੀ ਜੀਵਨ ਦੀ ?



"ਬੀਮਾਰ ਸਦੀ" ਦੀ ਜੋ ਚਿਤਰਕਾਰੀ ਰਵਿੰਦਰ ਰਵੀ 1974 'ਚ ਕਰ ਰਿਹਾ ਹੈ, ਉਹ 2020 'ਚ ਉਸ ਤੋਂ ਵੀ ਪ੍ਰਚੰਡ ਰੂਪ 'ਚ ਦ੍ਰਿਸ਼ਟੀਗੋਚਰ ਹੋ ਰਹੀ ਹੈ। ਨਾਟਕਕਾਰ ਨੇ ਆਪਣਾ ਫਰਜ਼ ਨਿਭਾਇਆ ਹੈ, ਪਰ ਬੜੇ ਸੂਖਮ ਅੰਦਾਜ਼ 'ਚ। ਅੱਜ ਵੀ ਜੋ ਬਾਹਰੀ ਤੌਰ 'ਤੇ ਦਿਲਕਸ਼ ਅਤੇ ਲੁਭਾਵਣਾ ਜਾਪ ਰਿਹਾ ਹੈ, ਉਸ ਨੂੰ ਚੁਣੌਤੀ ਦੇਣ ਵਾਲੇ ਦੀ ਅੱਖ 'ਯਰਕਾਨਪੁਣੇ' ਦੇ ਇਲਜ਼ਾਮ ਨਾਲ ਨਿਵਾਜੀ ਜਾਂਦੀ ਹੈ। ਕੌਨ ਬਦਲਿਆ ਹੈ ਜਾਂ ਕੀਮਤ ਬਦਲੀ ਹੈ ? ਸਵਾਲ ਹਵਾ 'ਚ ਲਟਕ ਰਿਹਾ ਹੈ।

ਇਸ ਤੋਂ ਬਾਅਦ ਸਿਲਸਿਲਾ ਚੱਲਦਾ ਰਿਹਾ। "ਚੌਕ ਨਾਟਕ", "ਰੂਹ ਪੰਜਾਬ ਦੀ", "ਸਿਫਰ ਨਾਟਕ", "ਮੱਕੜੀ ਨਾਟਕ", "ਪਛਾਣ ਨਾਟਕ" ... ਰਵੀ ਕਾਵਿ ਨਾਟਕ ਲਿਖਦਾ ਗਿਆ। ਨਿਰਦੇਸ਼ਕ ਖੇਡਦੇ ਗਏ, ਪਰ "ਬੀਮਾਰ ਸਦੀ" ਉਸਦੇ ਜਿਹਨ 'ਚ ਸਦੀਵੀ ਵਾਸਾ ਕਰ ਗਈ ਸੀ। ਇਸ ਦਾ ਅਗਲਾ ਹਿੱਸਾ "ਦਰ ਦੀਵਾਰਾਂ" ਦੇ ਰੂਪ 'ਚ ਸਾਹਮਣੇ ਆਇਆ ਤੇ ਉਸਨੇ ਦੀਵਾਰਾਂ ਦੇ ਅੰਦਰ ਬਾਹਰ ਖੁੱਲ੍ਹਦੇ ਦਰਾਂ ਨੂੰ ਨਾਟਕੀ ਰੰਗਤ ਪ੍ਰਦਾਨ ਕੀਤੀ। ਦਾਨਿਸ਼ਮੰਦੀ ਸੁਰ 'ਚ ਬਿਆਨ ਕੀਤਾ :

ਦਰ ਤਾਂ ਹੈ ਦੀਵਾਰ ਦੇ ਵਿੱਚ ਹੀ
ਖੁੱਲ੍ਹਦਾ ਵੀ ਉਹ ਅੰਦਰ ਵੱਲ ਹੈ।

ਰਵੀ ਸਦਾ ਹੀ ਅੰਦਰ ਵੱਲ ਖੁੱਲ੍ਹਦੇ ਦਰਵਾਜ਼ਿਆਂ ਦੀ ਗਾਥਾ ਬਿਆਨਣ 'ਚ ਦਿਲਚਸਪੀ ਰੱਖਦਾ ਹੈ। ਉਸਨੂੰ ਅੰਦਰ ਵੱਲ ਖੁੱਲ੍ਹਣਾ ਅਹਿਮ ਲੱਗਦਾ ਹੈ। ਇਹ ਪਹੁੰਚ ਬਹਿਸ ਛੇੜਦੀ ਹੈ ਤੇ ਉਹ ਬਹਿਸ ਦਾ ਆਸ਼ਿਕ ਹੈ। ਬਾਹਰ ਵੱਲ ਖੁੱਲ੍ਹਦੇ ਦਰਾਂ ਦੀ ਥਾਹ ਪਾਉਂਦੇ ਨਾਟਕ ਅਤੇ ਰੰਗਮੰਚ ਦੀ ਉਹ ਆਲੋਚਨਾ ਕਰਦਾ ਹੈ ਤੇ ਇਸਦੀ ਆਲੋਚਨਾ ਕਰਦਿਆਂ ਉਹ ਖੁਦ ਆਲੋਚਨਾ ਦਾ ਸ਼ਿਕਾਰ ਹੁੰਦਾ ਹੈ, ਪਰ ਉਹ ਰਵੀ ਹੈ। ਤਪ ਤੇਜ ਨਾਲ ਭਰਿਆ ਭਰਾਤਾ ! ਉਹ ਆਪਣੀ ਸੁਣਦਾ, ਆਪਣੀ ਕਹਿੰਦਾ, ਆਪਣੀ ਮੰਨਦਾ, ਆਪਣੀ ਕਰਦਾ, ਪਰ ਕੁੱਲ ਲੋਕਾਈ ਪ੍ਰਤੀ ਫਿਕਰਮੰਦ ਰਹਿੰਦਾ ਹੈ। "ਬੀਮਾਰ ਸਦੀ" ਦੇ ਤੀਜੇ ਪੜਾਅ 'ਚ ਜਦ ਉਹ "ਅੱਧੀ ਰਾਤ ਦੁਪਹਿਰ" ਲਿਖਦਾ ਹੈ ਤਾਂ ਅੰਦਰ ਬਲੇ ਦੀਵਿਆਂ ਦੇ ਚਾਨਣ ਨਾਲ ਅੱਧੀ ਰਾਤ ਸੂਰਜ ਦੇ ਦੀਦਾਰ ਕਰਵਾਉਣ ਦੇ ਰਾਹ ਪੈਂਦਾ ਹੈ :

ਦੀਵੇ ਦੀਵੇ ਸੂਰਜ ਢੋਇਆ
ਇਹ ਚਿੰਤਨ, ਜਨ-ਚਿੰਤਨ ਹੋਇਆ
ਅੱਧੀ ਰਾਤ ਦੁਪਹਿਰਾ ਚੜ੍ਹਿਆ
ਸੂਰਜ ਹੋਰ ਤਿਖੇਰਾ ਹੋਇਆ !

ਉਹ ਬਾਹਲਾ ਤਿੱਖਾ ਹੈ। ਉਸਨੂੰ ਬਹੁਤ ਸਾਰਾ ਪੰਜਾਬੀ ਥੀਏਟਰ 'ਜਣੇ ਖਣੇ ਦਾ ਥੀਏਟਰ' ਜਾਪਦਾ ਹੈ। ਮੇਰੇ ਜਾਂ ਤੁਹਾਡੇ ਸਹਿਮਤ ਅਸਹਿਮਤ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ। ਉਹ 'ਪਿਰਾਮਿਡਾਂ' ਦੇ ਅੰਦਰ ਵੜ ਕੁਝ ਤਲਾਸ਼ਣ ਦਾ ਖਬਤ ਪਾਲ ਬੈਠਾ ਹੈ। ਉਹ 'ਚੱਕ੍ਰਵਯੂਹ' ਦੇ ਦਾਅ ਪੇਚ ਗਲੋਬਲੀ ਵਰਤਾਰਿਆਂ ਨਾਲ ਮੇਚ ਕੇ ਕੁਝ ਸਮਝਾਉਣਾ ਚਾਹੁੰਦਾ ਹੈ। ਉਹ 'ਮਖੌਟੇ' ਪਾੜ ਸੁੱਟਣਾ ਚਾਹੁੰਦਾ ਹੈ। ਜ਼ਿੰਦਗੀ ਨੂੰ ਹਾਦਸਿਆਂ ਤੋਂ ਮੁਕਤ ਕਰਨਾ ਚਾਹੁੰਦਾ ਹੈ। ਉਹ 'ਰਾਜਨੀਤੀ' 'ਚ ਉੱਗੇ ਜੰਗਲ ਨੂੰ ਪ੍ਰਿਜ਼ਮ ਦੇ ਸਾਹਮਣੇ ਫੋਕਸ ਕਰਕੇ ਕੁਝ ਕਹਿਣ ਦੇ ਆਹਰ 'ਚ ਹੈ :

ਰਾਜਨੀਤੀਆਂ ਵਿੱਚ ਵੀ ਜੰਗਲ
ਨੇਤਾ ਜੰਗਲ ਦੀ ਸੰਤਾਨ
ਅਮਨ, ਸ਼ਾਂਤੀ, ਪਿਆਰ, ਮੁਹੱਬਤ,
ਢੂੰਡ ਰਹੇ ਸਭ ਮਨ ਦਾ ਹਾਣ।

'ਮਨ ਦਾ ਹਾਣ' ਰਵੀ ਲਈ ਵਿਆਪਕ ਅਰਥਾਂ ਸਮੇਤ ਹਾਜ਼ਰ ਹੈ। ਉਹ ਰਿਸ਼ਤਿਆਂ ਦੀ ਮਹਿਕ ਦਾ ਸ਼ੈਦਾਈ ਹੈ। ਉਹ ਸੱਜਰੀਆਂ ਪੌਣਾਂ ਮਗਰ ਭੱਜਣਾ ਚਾਹੁੰਦਾ ਹੈ। ਖੁਸ਼ਬੂਆਂ ਦੇ ਵਹਿੰਦੇ ਝਰਨੇ ਨੂੰ ਡੀਕ ਲਾ ਪੀਣਾ ਚਾਹੁੰਦਾ ਹੈ :

ਰਿਸ਼ਤੇ ਮਹਿਕ ਜਿਉਂ ਵਿੱਚ ਹਵਾਵਾਂ
ਫੁੱਲ ਖਿੜਦੇ ਜਿਉਂ ਅੰਦਰ ਸਾਹਵਾਂ
ਜਦ ਜਦ ਰਿਸ਼ਤੇ ਮਨ, ਤਨ, ਦਿਲ ਤੋਂ
ਹੱਕ ਮੰਗਣ ਲਈ ਉੱਠ ਖੜੋਏ
ਤਦ ਤਦ ਰੁਖ ਪਲਟੇ ਦਰਿਆਵਾਂ !

ਰਿਸ਼ਤੇ ਹੱਕੀ ਹੋ ਜਾਣ ਤਾਂ ਸਮਾਜ ਹੱਕੀ ਹੋ ਜਾਵੇਗਾ। ਸਮਾਜ ਹੱਕੀ ਹੋ ਜਾਵੇਗਾ ਤਾਂ ਸੰਘਰਸ਼ਾਂ ਦੀ ਮਹਿਕ ਦਰਿਆਵਾਂ ਦੇ ਰੁਖ ਪਲਟ ਦੇਵੇਗੀ। ਰਵਿੰਦਰ ਰਵੀ ਸ਼ਾਇਦ ਇਹੀ ਕਹਿਣਾ ਚਾਹੁੰਦਾ ਹੈ ਤੇ ਇਹੀ ਕਹਿੰਦਾ ਆਇਆ ਹੈ।

**ਡਾ. ਸਾਹਿਬ ਸਿੰਘ**
ਮੋ.: 9888011096

ਕਾਲਮ 'ਰਾਸ ਰੰਗ' ਵਿੱਚੋਂ, 'ਪੰਜਾਬੀ ਟ੍ਰਿਬਿਊਨ',
ਚੰਡੀਗੜ੍ਹ, ਭਾਰਤ, 8 ਅਗਸਤ, 2020



# ਪੰਜਾਬੀ ਭਾਸ਼ਾ ਦਾ ਵਿਦੇਸ਼ਾਂ ਵਿਚ ਪਰਚਮ ਲਹਿਰਾਉਣ ਵਾਲਾ ਸਾਹਿਤਕਾਰ ਰਵਿੰਦਰ ਰਵੀ

**ਉਜਾਗਰ ਸਿੰਘ**

ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦਾ ਸਰਬਾਂਗੀ ਪ੍ਰਤਿਭਾਵਾਨ ਸਾਹਿਤਕਾਰ ਰਵਿੰਦਰ ਰਵੀ ਵਿਲੱਖਣ ਸਖ਼ਸ਼ੀਅਤ ਦਾ ਮਾਲਕ ਹੈ। ਉਸਨੇ ਵਿਦੇਸ਼ ਵਿਚ ਬੈਠ ਕੇ ਪੰਜਾਬੀ ਮਾਂ ਬੋਲੀ ਦਾ ਕਰਜ਼ ਉਤਾਰਕੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਜਿਤਨੀ ਦੇਰ ਪੰਜਾਬੀ ਆਪਣੀ ਮਾਂ ਬੋਲੀ ਨੂੰ ਨਿਹਾਰਦੇ ਰਹਿਣਗੇ ਉਤਨੀ ਦੇਰ ਪੰਜਾਬੀ ਦਾ ਝੰਡਾ ਹਮੇਸ਼ਾ ਝੂਲਦਾ ਰਹੇਗਾ। ਪੰਜਾਬੀ ਵਿਚ ਹੁਣ ਤੱਕ ਜਿਤਨੀ ਵੀ ਸਾਹਿਤ ਰਚਨਾ ਹੋਈ ਹੈ, ਉਸ ਉੱਪਰ ਦੇਸ਼ ਵਿਦੇਸ਼ ਅਤੇ ਪੰਜਾਬ ਵਿਚ ਚੱਲੀਆਂ ਲਹਿਰਾਂ ਦਾ ਗਹਿਰਾ ਪ੍ਰਭਾਵ ਪਿਆ ਹੈ। ਬਾਬਾ ਫਰੀਦ ਦੀ ਸੂਫੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ, ਸਿੰਘ ਸਭਾ, ਗਦਰੀ ਬਾਬਿਆਂ, ਦੇਸ਼ ਦੀ ਆਜ਼ਾਦੀ, ਨਸਕਲਵਾੜੀ, ਸੁਧਾਰਵਾਦੀ, ਪ੍ਰਗਤੀਵਾਦੀ, ਪੰਜਾਬੀ ਸੂਬਾ, ਰੁਮਾਂਟਿਕ, ਪ੍ਰਯੋਗਵਾਦੀ, ਖਾੜਕੂਵਾਦ, ਧਰਮ ਯੁੱਧ ਮੋਰਚਾ ਅਤੇ ਕਰੋਨਾ ਲਹਿਰਾਂ ਦੇ ਗਹਿਰੇ ਪ੍ਰਭਾਵ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਉੱਪਰ ਸਾਹਮਣੇ ਆਏ ਹਨ। ਇਨ੍ਹਾਂ ਲਹਿਰਾਂ ਵਿਚ ਲਿਖੇ ਗਏ ਸਾਹਿਤ ਨੂੰ ਭਾਵੇਂ ਵਕਤੀ ਵੀ ਕਿਹਾ ਗਿਆ ਪ੍ਰੰਤੂ ਇਹ ਸਾਹਿਤ ਇਤਿਹਾਸ ਦਾ ਹਿੱਸਾ ਬਣਕੇ, ਸਾਡੀ ਵਿਰਾਸਤ ਦੇ ਸਮਿਆਂ ਦੀ ਪੜਚੋਲ ਹੀ ਨਹੀਂ ਕਰਦਾ, ਸਗੋਂ ਮਨੁੱਖੀ ਅਧਿਕਾਰਾਂ ਤੇ ਪਹਿਰਾ ਦੇਣ ਦੀ ਜ਼ਿੰਮੇਵਾਰੀ ਵੀ ਨਿਭਾ ਰਿਹਾ ਹੈ। ਉਸੇ ਲੜੀ ਵਿਚ ਰਵਿੰਦਰ ਰਵੀ ਵੱਲੋਂ ਲਿਖੇ ਗਏ ਸਾਹਿਤ ਦੇ ਵੱਖ-ਵੱਖ ਰੂਪਾਂ ਉੱਪਰ ਪ੍ਰਯੋਗਵਾਦੀ ਲਹਿਰ ਦਾ ਪ੍ਰਭਾਵ ਸਾਫ ਵਿਖਾਈ ਦਿੰਦਾ ਹੈ।

ਪੰਜਾਬੀ ਭਾਸ਼ਾ ਦੀ ਝੋਲੀ ਵਿਚ 60 ਪੁਸਤਕਾਂ ਦਾ ਯੋਗਦਾਨ ਪਾਉਣ ਵਾਲਾ ਰਵਿੰਦਰ ਰਵੀ ਬਹੁਪੱਖੀ ਸਰਬਾਂਗੀ ਸਾਹਿਤਕਾਰ ਹੈ। ਉਨ੍ਹਾਂ ਦੀ ਸਭ ਤੋਂ ਵੱਡੀ

ਪ੍ਰਾਪਤੀ ਇਹ ਹੈ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਪਰਵਾਸ ਵਿਚ ਬਿਤਾਉਣ ਦੇ ਬਾਵਜੂਦ ਵੀ ਪੰਜਾਬੀ ਬੋਲੀ ਨਾਲੋਂ ਆਪਣਾ ਮੋਹ ਨਹੀਂ ਤੋੜਿਆ, ਸਗੋਂ ਪਰਵਾਸ ਵਿਚ ਜਾਣ ਤੋਂ ਬਾਅਦ ਪੰਜਾਬੀ ਨਾਲ ਉਸਦਾ ਮੋਹ ਹੋਰ ਗੂੜ੍ਹਾ ਹੋ ਗਿਆ। ਭਾਵੇਂ ਪਰਵਾਸ ਵਿਚ ਰਹਿੰਦਿਆਂ ਉਨ੍ਹਾਂ ਨੇ ਅੰਗਰੇਜ਼ੀ ਸਾਹਿਤ ਬਹੁਤ ਮਾਤਰਾ ਵਿਚ ਪੜ੍ਹਿਆ। ਪੰਜਾਬ ਵਿਚ ਰਹਿੰਦਿਆਂ ਤਾਂ ਉਸਨੇ 4 ਪੁਸਤਕਾਂ ਹੀ ਪ੍ਰਕਾਸ਼ਤ ਕਰਵਾਈਆਂ ਸਨ, ਬਾਕੀ 56 ਪੁਸਤਕਾਂ ਕੀਨੀਆਂ ਅਤੇ ਕੈਨੇਡਾ ਵਿਚ ਰਹਿੰਦਿਆਂ ਲਿਖੀਆਂ ਹਨ। ਉਨ੍ਹਾਂ ਨੇ ਸਾਹਿਤ ਦੇ ਸਾਰੇ ਰੂਪਾਂ, ਕਵਿਤਾ, ਕਹਾਣੀ, ਕਾਵਿ ਨਾਟਕ, ਸਵੈ-ਜੀਵਨੀ, ਵਾਰਤਕ ਅਤੇ ਆਲੋਚਨਾ ਦੇ ਖੇਤਰ ਵਿਚ ਲਿਖਕੇ ਸਾਹਿਤਕ ਜਗਤ ਵਿਚ ਆਪਣਾ ਮਹਤਵਪੂਰਨ ਸਥਾਨ ਬਣਾਇਆ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਪਰਵਾਸ ਵਿਚ ਇਨਸਾਨ ਕੰਮ ਕਾਰ ਵਿਚ ਬਹੁਤਾ ਰੁਝਿਆ ਹੋਣ ਕਰਕੇ ਉਸ ਕੋਲ ਸਮੇਂ ਦੀ ਘਾਟ ਹੁੰਦੀ ਹੈ। ਪ੍ਰੰਤੂ ਰਵਿੰਦਰ ਰਵੀ ਨੇ ਜਿੱਥੇ ਆਪਣੇ ਕਿੱਤੇ ਵਿੱਚ ਅਧਿਆਪਕ ਦੇ ਤੌਰ ’ਤੇ ਮਲਾਂ ਮਾਰੀਆਂ ਹਨ, ਉੱਥੇ ਹੀ ਉਨ੍ਹਾਂ ਸਾਹਿਤਕ ਖੇਤਰ ਵਿਚ ਵੀ ਨਾਮਣਾ ਖੱਟਿਆ ਹੈ। ਇਕ ਸੰਸਥਾ ਜਿਤਨਾ ਕੰਮ ਕੀਤਾ ਹੈ। ਰਵਿੰਦਰ ਰਵੀ ਨੇ ਸਭ ਤੋਂ ਪਹਿਲਾਂ 1955 ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ, ਪ੍ਰੰਤੂ ਉਸਦੀ ਪਹਿਲੀ ਕਵਿਤਾ ਦੀ ਪੁਸਤਕ ‘ਦਿਲ ਦਰਿਆ ਸਮੁੰਦਰੋਂ ਡੂੰਘੇ’ 1961 ਵਿਚ ਪ੍ਰਕਾਸ਼ਤ ਹੋਈ। ਉਸਤੋਂ ਬਾਅਦ ਦੂਜੀ ਕਹਾਣੀਆਂ ਦੀ ਪੁਸਤਕ ਉਸਨੇ 1963 ਵਿਚ ਪ੍ਰਕਾਸ਼ਤ ਕੀਤੀ। ਉਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ, ਲਗਾਤਾਰ 2020 ਤੱਕ 60 ਪੁਸਤਕਾਂ ਲਿਖਕੇ ਪ੍ਰਕਾਸ਼ਤ ਕਰਵਾਈਆ। 1960 ਵਿਚ ਪ੍ਰਯੋਗਵਾਦੀ ਕਵਿਤਾਵਾਂ ਲਿਖਣ ਦੀ ਲਹਿਰ ਸਮੇਂ ਰਵਿੰਦਰ ਰਵੀ ਮੁੱਢਲੇ ਤਿੰਨ ਪ੍ਰਯੋਗਵਾਦੀ ਕਵਿਤਾ ਲਿਖਣ ਵਾਲੇ ਕਵੀਆਂ ਜਸਬੀਰ ਸਿੰਘ ਆਹਲੂਵਾਲੀਆ, ਸੁਖਪਾਲਵੀਰ ਸਿੰਘ ਹਸਰਤ ਅਤੇ ਖੁਦ ਮੋਹਰੀ ਦੀ ਭੂਮਿਕਾ ਨਿਭਾ ਰਿਹਾ ਸੀ। ਉਸਨੇ ਕਵਿਤਾ ਦੀਆਂ 25, ਕਾਵਿ ਨਾਟਕ 16, ਕਹਾਣੀਆਂ 9, ਸਾਹਿਤਕ ਆਲੋਚਨਾ 4, ਵਾਰਤਕ 4, ਯਾਤਰਾ 1, ਸਵੈ-ਜੀਵਨੀ 2, ਪ੍ਰਕਾਸ਼ਤ ਕਰਵਾਈਆਂ। 50 ਅਤੇ 20 ਚੋਣਵੀਆਂ ਕਹਾਣੀਆਂ ਦੀਆਂ ਦੋ ਪੁਸਤਕਾਂ ਸ਼ਾਹਮੁਖੀ ਵਿਚ ਕਵਿਤਾ ਦੀਆਂ 6 ਅਤੇ ਕਾਵਿ ਨਾਟਕ ਦੀਆਂ 10 ਪੁਸਤਕਾਂ ਵੀ ਸ਼ਾਹਮੁਖੀ ਵਿਚ ਪ੍ਰਕਾਸ਼ਤ ਹੋਈਆਂ ਹਨ। ਉਨ੍ਹਾਂ ਨੇ ਕੁਝ ਪੁਸਤਕਾਂ ਸੰਪਾਦਿਤ ਵੀ ਕੀਤੀਆਂ। ਰਵਿੰਦਰ ਰਵੀ ਦੀਆਂ ਪੁਸਤਕਾਂ ਹਿੰਦੀ ਅਤੇ ਉਰਦੂ ਵਿਚ ਅਨੁਵਾਦ ਵੀ ਹੋਈਆਂ। ਉਸਨੇ ਅੰਗਰੇਜ਼ੀ ਵਿਚ ਵੀ ਪੁਸਤਕਾਂ ਲਿਖੀਆਂ। ਇਸ ਲਈ ਉਨ੍ਹਾਂ ਨੂੰ ਬਹੁਪੱਖੀ ਸਾਹਿਤਕਾਰ ਕਿਹਾ ਜਾਂਦਾ ਹੈ। 84 ਸਾਲ ਦੀ ਉਮਰ ਵਿਚ ਵੀ ਉਹ ਆਪਣੀ ਕਲਮ ਦੀ ਕਰਾਮਾਤ ਵਿਖਾ ਰਿਹਾ ਹੈ।

ਰਵਿੰਦਰ ਸਿੰਘ ਗਿੱਲ ਸਾਹਿਤਕ ਨਾਮ ਰਵਿੰਦਰ ਰਵੀ ਦਾ ਜਨਮ ਸਰਕਾਰੀ ਰਿਕਾਰਡ ਮੁਤਾਬਕ 8 ਮਾਰਚ, 1938 ਨੂੰ ਪਿਤਾ ਪਿਆਰਾ ਸਿੰਘ ਗਿੱਲ ਅਤੇ



ਮਾਤਾ ਚਰਨਜੀਤ ਕੌਰ ਦੇ ਘਰ ਸਿਆਲਕੋਟ ਵਿੱਚ ਹੋਇਆ, ਜਿੱਥੇ ਉਨ੍ਹਾਂ ਦਾ ਪਿਤਾ ਮਰੇ ਕਾਲਜ ਵਿੱਚ ਅਧਿਆਪਕ ਲੱਗਿਆ ਹੋਇਆ ਸੀ। ਪ੍ਰਾਇਮਰੀ ਤੱਕ ਦੀ ਪੜ੍ਹਾਈ ਉਨ੍ਹਾਂ ਸਿਆਲਕੋਟ ਵਿੱਚ ਹੀ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਜਲੰਧਰ ਵਿੱਚ ਆ ਗਿਆ। ਅੱਜ ਕਲ੍ਹ ਇਹ ਪਿੰਡ ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਹੈ। ਉਨ੍ਹਾਂ ਨੇ ਦਸਵੀਂ ਖਾਲਸਾ ਹਾਈ ਸਕੂਲ ਸਰਹਾਲ ਕਾਜ਼ੀਆਂ ਤੋਂ 1952 ਵਿੱਚ ਪਾਸ ਕੀਤੀ। ਉਨ੍ਹਾਂ ਦਾ ਪਿਤਾ ਰਵਿੰਦਰ ਰਵੀ ਨੂੰ ਡਾਕਟਰ ਬਣਾਉਣਾ ਚਾਹੁੰਦਾ ਸੀ, ਇਸ ਲਈ ਉਨ੍ਹਾਂ ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਐਫ.ਐਸ.ਸੀ. ਮੈਡੀਕਲ ਵਿੱਚ ਦਾਖਲ ਕਰਵਾ ਦਿੱਤਾ ਗਿਆ, ਪ੍ਰੰਤੂ ਉਨ੍ਹਾਂ ਦੀ ਮੈਡੀਕਲ ਦੀ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਸੀ। ਫਿਰ ਉਹ ਜੂਨੀਅਰ ਬੇਸਿਕ ਟਰੇਨਿੰਗ ਕਰਕੇ 1956 ਵਿੱਚ ਆਪਣੇ ਪਿੰਡ ਹੀ ਅਧਿਆਪਕ ਲੱਗ ਗਏ। ਉਸ ਤੋਂ ਬਾਅਦ ਉਨ੍ਹਾਂ ਨੇ ਸਾਰੀ ਪੜ੍ਹਾਈ ਪ੍ਰਾਈਵੇਟਲੀ ਕੀਤੀ। ਪਹਿਲਾਂ ਗਿਆਨੀ, ਬੀ.ਏ. ਆਨਰਜ਼, ਐਮ.ਏ. ਪੰਜਾਬੀ ਅਤੇ ਬੀ.ਟੀ. ਪਾਸ ਕੀਤੀ। 4 ਦਸੰਬਰ 1960 ਨੂੰ ਉਨ੍ਹਾਂ ਦਾ ਵਿਆਹ ਕਸ਼ਮੀਰ ਕੌਰ ਨਾਲ ਹੋ ਗਿਆ। ਉਨ੍ਹਾਂ ਦੇ ਦੋ ਲੜਕੇ ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਅਤੇ ਸਹਿਜਪਾਲ ਸਿੰਘ ਸ਼ੇਰਗਿੱਲ ਹਨ। ਉਨ੍ਹਾਂ ਦੀ ਨੂੰਹ ਪਲਬਿੰਦਰ ਕੌਰ ਸ਼ੇਰਗਿੱਲ ਕੈਨੇਡਾ ਦੀ ਸੁਪਰੀਮ ਕੋਰਟ ਦੀ ਜੱਜ ਹੈ। ਦਸ ਸਾਲ ਪੰਜਾਬ ਵਿੱਚ ਪੜ੍ਹਾਉਣ ਤੋਂ ਬਾਅਦ, ਸੁਨਹਿਰੇ ਭਵਿੱਖ ਲਈ, 1967 ਵਿੱਚ ਕੀਨੀਆਂ ਚਲੇ ਗਏ। ਉੱਥੇ ਵੀ 8 ਸਾਲ ਪੜ੍ਹਾਉਣ ਤੋਂ ਬਾਅਦ, 1971 ਵਿੱਚ ਅਮਰੀਕਾ ਚਲੇ ਗਏ, ਪ੍ਰੰਤੂ ਉੱਥੇ ਨੌਕਰੀ ਨਾ ਮਿਲੀ ਫਿਰ 14 ਦਸੰਬਰ, 1974 ਨੂੰ ਉਹ ਕੈਨੇਡਾ ਆ ਗਏ। ਨੌਕਰੀ ਲਈ ਏਥੇ ਜੱਦੋ ਜਹਿਦ ਕਰਨੀ ਪਈ ਪ੍ਰੰਤੂ ਅਖੀਰ ਇਕ ਸਕੂਲ ਵਿੱਚ ਅਧਿਆਪਕ ਦੀ ਨੌਕਰੀ ਲੱਗ ਗਈ, ਜਿਥੇ 27 ਸਾਲ ਤੋਂ ਵੱਧ ਸਮਾਂ ਪੜ੍ਹਾਉਣ ਤੋਂ ਬਾਅਦ, 2003 ਵਿੱਚ ਸੇਵਾ ਮੁਕਤ ਹੋ ਗਏ।

ਰਵਿੰਦਰ ਰਵੀ ਲਈ ਮਾਣ ਦੀ ਗੱਲ ਹੈ ਕਿ ਉਸਦੀਆਂ ਰਚਨਾਵਾਂ ਉੱਪਰ 6 ਵਿੱਦਿਆਰਥੀਆਂ ਨੇ ਪੀ.ਐਚ.ਡੀ. ਅਤੇ 9 ਵਿੱਦਿਆਰਥੀਆਂ ਨੇ ਐਮ.ਫਿਲ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ, ਲਾਹੌਰ ਵਿਖੇ ਵੀ ਇਕ ਵਿੱਦਿਆਰਥੀ ਨੇ ਉਸਦੇ ਕਾਵਿਨਾਟਕਾਂ ਉੱਤੇ ਪੀ.ਐਚ.ਡੀ. ਕੀਤੀ ਹੈ। ਉਸ ਦੀਆਂ ਪੁਸਤਕਾਂ ਪੰਜਾਬ, ਪੰਜਾਬੀ, ਗੁਰੂ ਨਾਨਕ ਦੇਵ ਅਤੇ ਦਿੱਲੀ ਯੂਨੀਵਰਸਿਟੀਆਂ ਵਿਚ ਬੀ.ਏ. ਅਤੇ ਐਮ.ਏ. ਦੀਆਂ ਕਲਾਸਾਂ ਵਿੱਚ ਲੱਗੀਆਂ ਹੋਈਆਂ ਹਨ। ਇਸੇ ਤਰ੍ਹਾਂ ਕਾਇਦੇ ਆਜ਼ਮ ਯੂਨੀਵਰਸਿਟੀ ਇਸਲਾਮਾਬਾਦ ਪਾਕਿਸਤਾਨ ਵਿੱਚ ਐਮ. ਏ. ਵਿੱਚ ਉਨ੍ਹਾਂ ਦੀਆਂ ਪੁਸਤਕਾਂ ਲੱਗੀਆਂ ਹੋਈਆਂ ਹਨ। ਉਨ੍ਹਾਂ ਦੇ ਕਾਵਿ ਨਾਟਕ ਸਭ ਤੋਂ ਜ਼ਿਆਦਾ ਪੰਜਾਬ ਵਿੱਚ ਚੋਟੀ ਦੇ ਨਾਟਕ ਡਾਇਰੈਕਟਰਾਂ, ਜਿਨ੍ਹਾਂ ਵਿੱਚ ਸੁਰਜੀਤ ਸਿੰਘ ਸੇਠੀ, ਭਾਅ ਗੁਰਸ਼ਰਨ ਸਿੰਘ, ਕੇਵਲ ਧਾਲੀਵਾਲ, ਅਜਮੇਰ

ਔਲਖ, ਡਾ. ਸਾਹਿਬ ਸਿੰਘ, ਸੁਭਾਸ਼ ਪੁਰੀ, ਕੀਰਤੀ ਕਿਰਪਾਲ ਅਤੇ ਪ੍ਰੀਤਮ ਸਿੰਘ ਢੀਂਡਸਾ ਵੱਲੋਂ ਖੇਡੇ ਗਏ। ਉਨ੍ਹਾਂ ਦੇ 16 ਨਾਟਕ ਬਹੁਤ ਹੀ ਹਰਮਨ ਪਿਆਰੇ ਹੋਏ ਅਤੇ ਕਈ, ਵਾਰ ਵਾਰ ਖੇਡੇ ਗਏ। ਉਨ੍ਹਾਂ ਵਿਚ "ਬੀਮਾਰ ਸਦੀ", "ਰੂਹ ਪੰਜਾਬ ਦੀ", "ਚੌਕ ਨਾਟਕ", "ਮੱਕੜੀ ਨਾਟਕ", "ਸਿਫ਼ਰ ਨਾਟਕ", "ਮਖੌਟੇ ਤੇ ਹਾਦਸੇ", "ਮਨ ਦੇ ਹਾਣੀ", "ਚੱਕਰਵਿਊ ਤੇ ਪਿਰਾਮਿਡ", "ਅੱਧੀ ਰਾਤ ਦੁਪਹਿਰ", "ਰੁਕੇ ਹੋਏ ਯਥਾਰਥ" ਅਤੇ "ਹੋਂਦ ਨਿਹੋਂਦ" ਆਦਿ ਸ਼ਾਮਿਲ ਹਨ। ਯੂਨੀਵਰਸਿਟੀਆਂ ਦੇ ਯੂਥ ਫੈਸਟੀਵਲਾਂ ਵਿੱਚ ਉਨ੍ਹਾਂ ਦੇ ਨਾਟਕ ਆਮ ਖੇਡੇ ਜਾਂਦੇ ਅਤੇ ਹਮੇਸ਼ਾਂ ਇਨਾਮ ਜਿੱਤਦੇ ਸਨ। ਉਨ੍ਹਾਂ ਨੂੰ ਦੇਸ਼ ਅਤੇ ਵਿਦੇਸ਼ ਦੀਆਂ ਸਰਕਾਰੀ ਅਤੇ ਗੈਰ ਸਰਕਾਰੀ 50 ਸੰਸਥਾਵਾਂ ਨੇ ਮਾਣ ਸਨਮਾਨ ਦੇ ਕੇ ਨਿਵਾਜਿਆ। ਪੰਜਾਬ ਆਰਟਸ ਕੌਂਸਲ ਨੇ, ਜਦੋਂ ਡਾ. ਮੁਹਿੰਦਰ ਸਿੰਘ ਰੰਧਾਵਾ ਉਸਦੇ ਪ੍ਰਧਾਨ ਸਨ, ਤਾਂ, 1980 ਵਿੱਚ, ਸ਼ਰੋਮਣੀ ਸਾਹਿਤਕਾਰ ਅਵਾਰਡ (ਵਿਦੇਸ਼ੀ) ਦੇ ਕੇ ਸਨਮਾਨਿਤ ਕੀਤਾ। ਭਾਸ਼ਾ ਵਿਭਾਗ ਪੰਜਾਬ ਨੇ ਆਪਨੂੰ 1983 ਵਿੱਚ ਉਨ੍ਹਾਂ ਦੇ ਨਾਟਕ "ਅੱਧੀ ਰਾਤ ਦੁਪਹਿਰ" 'ਤੇ ਈਸ਼ਵਰ ਚੰਦਰ ਨੰਦਾ ਪੁਰਸਕਾਰ ਦੇ ਕੇ ਸਨਮਾਨਤ ਕੀਤਾ। ਭਾਸ਼ਾ ਵਿਭਾਗ, ਪੰਜਾਬ ਦਾ "ਸ਼੍ਰੋਮਣੀ ਸਾਹਿਤਕਾਰ (ਬਦੇਸ਼ੀ) ਪੁਰਸਕਾਰ, 1980 ਵਿੱਚ, ਸਭ ਤੋਂ ਪਹਿਲਾਂ ਰਵਿੰਦਰ ਰਵੀ ਨੂੰ ਹੀ ਦਿੱਤਾ ਗਿਆ। ਪਾਕਿਸਤਾਨ ਵਿੱਚ ਵੀ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਲਾਹੌਰ ਨੇ 4 ਪੁਰਸਕਾਰਾਂ ਨਾਲ 2006 ਵਿੱਚ ਸਨਮਾਨਤ ਕੀਤਾ।

ਹੈਰਾਨੀ ਇਸ ਗੱਲ ਦੀ ਹੈ ਕਿ ਰਵਿੰਦਰ ਰਵੀ ਨੇ ਆਪਣੀ ਸਾਰੀ ਪੜ੍ਹਾਈ ਪੰਜਾਬੀ ਮਾਧਿਅਮ ਵਿੱਚ ਕੀਤੀ ਪ੍ਰੰਤੂ ਉਹ ਕੀਨੀਆਂ ਵਿਚ 8 ਸਾਲ ਅਤੇ ਕੈਨੇਡਾ ਵਿੱਚ 27 ਸਾਲ 6 ਮਹੀਨੇ ਅੰਗਰੇਜ਼ੀ ਦਾ ਸਾਹਿਤ ਪੜ੍ਹਾਉਂਦਾ ਰਿਹਾ। ਪਰਵਾਸ ਵਿਚਲੇ ਪੰਜਾਬੀਆਂ ਦਾ ਪੰਜਾਬ ਤੇ ਪੰਜਾਬੀਅਤ ਦੀ ਵਿਰਾਸਤ ਨਾਲ ਜੁੜੇ ਰਹਿਣ ਦੇ ਹੇਰਵੇ ਵਾਲੀ ਸਿਮਬਾਲਿਕ ਕਵਿਤਾ 'ਮਾਂ ਦਾ ਇਕ ਸਿਰਨਾਵਾਂ' ਸਿਰਲੇਖ ਵਾਲੀ ਦੋਹਰੇ ਅਰਥਾਂ ਵਾਲੀ ਕਵਿਤਾ ਹੈ–

ਅੱਕ ਕੱਕੜੀ ਦੇ ਫੰਬੇ ਖਿੰਡੇ, ਬਿਖਰੇ ਵਿਚ ਹਵਾਵਾਂ !
ਸਵੈ-ਪਹਿਚਾਣ 'ਚ ਉਡੇ ਭਟਕੇ, ਦੇਸ਼, ਦੀਪ, ਦਿਸ਼ਾਵਾਂ !
ਬਾਹਰੋਂ ਅੰਦਰ, ਅੰਦਰੋਂ ਬਾਹਰ, ਭਟਕੇ ਚਾਨਣ, ਚਾਨਣ ਦਾ ਪਰਛਾਵਾਂ!
ਮਾਂ-ਬੋਲੀ 'ਚੋਂ ਮਮਤਾ ਢੂੰਡਣ, ਤੜਪ ਰਹੇ ਬਿਨ ਮਾਵਾਂ !
ਮੰਗਦੀ ਹੈ ਪਹਿਚਾਣ ਇਨ੍ਹਾਂ ਦੀ, ਅੱਜ ਜੜ੍ਹ ਦਾ ਸਿਰਨਾਵਾਂ !!!
ਜੜ੍ਹਾਂ ਵਾਲਿਓ ! ਜੜ੍ਹ ਦੇ ਸੁਫਨੇ, ਲੱਭੇ ਵਿੱਚ ਖਲਾਵਾਂ !
ਮਾਂ-ਭੋਂ ਬਾਝੋਂ ਕਿੱਥੇ ਪੱਲਰੂਣ, ਸਭ ਬੇਗਾਨੀਆਂ ਥਾਵਾਂ !
ਮੋਹ ਮਾਇਆ ਦੇ ਕਈ ਸਿਰਨਾਵੇਂ, ਮਾਂ ਦਾ ਇੱਕ ਸਿਰਨਾਵਾਂ !



ਰਵਿੰਦਰ ਰਵੀ ਉਨ੍ਹਾਂ ਚੋਟੀ ਦੇ ਸਾਹਿਤਕਾਰਾਂ ਵਿੱਚੋਂ ਇਕ ਹਨ, ਜਿਨ੍ਹਾਂ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਸਾਹਿਤ ਦੇ ਸਾਰੇ ਰੂਪਾਂ ਵਿੱਚ ਸਾਹਿਤ ਰਚ ਕੇ ਉਸ ਨੂੰ ਮਾਲੋਮਾਲ ਕੀਤਾ ਹੈ। ਅੱਜ ਕੱਲ੍ਹ ਉਹ ਆਪਣੇ ਪਰਿਵਾਰ ਨਾਲ ਕੈਨੇਡਾ ਵਿੱਚ ਰਹਿ ਰਹੇ ਹਨ ਪ੍ਰੰਤੂ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਨਾਲ ਵਾਸਤਾ ਰੱਖਦੇ ਹੋਏ ਸਾਹਿਤਕ ਸਰਗਰਮੀਆਂ ਵਿੱਚ ਹਿੱਸਾ ਲੈ ਰਹੇ ਹਨ।

**ਉਜਾਗਰ ਸਿੰਘ**
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋ.: 9417813072
ਈਮੇਲ : ujagarsingh48@yahoo.com

1. 'ਜਗਬਾਣੀ', ਜਲੰਧਰ, ਭਾਰਤ ਦੇ ਦਸੰਬਰ 1, 2020 ਅੰਕ ਵਿੱਚ ਪ੍ਰਕਾਸ਼ਤ
2. 'ਇੰਡੋ ਕਨੇਡੀਅਨ ਟਾਇਮਜ਼', ਸਰੀ, ਬੀ.ਸੀ., ਕੈਨੇਡਾ, ਦੇ 17-23 ਦਸੰਬਰ, 2020 ਅੰਕ ਵਿੱਚ ਪ੍ਰਕਾਸ਼ਤ

---

**ਵਿਸ਼ੇਸ਼ ਨੋਟ :** ਇਹ ਲੇਖ, ਇਹ ਪੁਸਤਕ ਛਪਣ ਸਮੇਂ, ਅਪਡੇਟ (Update) ਕੀਤਾ ਗਿਆ।

**–ਰਵਿੰਦਰ ਰਵੀ**

# ਪੁਸਤਕ ਦਰਸ਼ਨ



ਡਾ. ਚੰਦਰ ਮੋਹਨ
ਅਰਵਿੰਦਰ ਕੌਰ ਕਾਕੜਾ
ਸੰਧੂ ਵਰਿਆਣਵੀ
ਹਰਸ਼ਰਨ ਕੌਰ
ਡਾ. ਅਮਰਜੀਤ ਕੌਂਕੇ

# "ਪਾਰ ਗਾਥਾ" : ਨਿਵੇਕਲੇ ਕਾਵਿਸ਼ਾਸਤਰ ਦੀ ਉਸਾਰੀ

## ਪਾਰ ਗਾਥਾ (ਕਾਵਿ-ਸੰਗ੍ਰਹਿ) ਰਵਿੰਦਰ ਰਵੀ

ਕਵਿਤਾ ਵਿਚ ਵੱਡੀਆਂ ਪਰ ਡੂੰਘੀਆਂ ਗੱਲਾਂ ਨੂੰ ਨਵੇਂ ਨਵੇਂ ਢੰਗ-ਤਰੀਕਿਆਂ ਨਾਲ ਕਹਿਣ ਵਾਲੇ ਕਵੀ ਰਵਿੰਦਰ ਰਵੀ ਨੂੰ ਕਿਸੇ ਵੀ ਕਿਸਮ ਦੀ ਮੁਹਤਾਜੀ ਦੀ ਲੋੜ ਨਹੀਂ। ਉਮਰ ਦੇ ਤਰਿਆਸੀਵੇਂ ਅਤੇ ਰਚਨਾ-ਕਾਲ ਦੇ ਪੈਂਠਵੇਂ ਵਰ੍ਹੇ ਵਿੱਚ 'ਪਾਰ ਗਾਥਾ' (ਪੰਨੇ 156, ਮੁੱਲ 320 ਰੁਪਏ, ਨੈਸ਼ਨਲ ਬੁਕ ਸ਼ਾਪ, ਦਿੱਲੀ) ਵਾਲੇ ਆਪਣੇ ਸੱਜਰੇ ਚੌਵੀਵੇਂ ਕਾਵਿ-ਸੰਗ੍ਰਹਿ ਵਿੱਚ ਪੈਂਹਟ ਕਵਿਤਾਵਾਂ ਦੀ ਸਿਰਜਣਾ ਕਰਨ ਵਾਲਾ ਸਾਡਾ ਇਹ ਕਵੀ ਸਾਬਤ ਕਰ ਦਿੰਦਾ ਹੈ ਕਿ ਆਪਣੀ ਰਚਨਾਤਮਕਤਾ ਦੀ ਚੜ੍ਹਦੀ ਕਲਾ ਵਾਲੀ ਤੋਰ ਨੂੰ ਉਸਨੇ ਕਦੇ ਵੀ ਮੱਠਾ ਨਹੀਂ ਪੈਣ ਦਿੱਤਾ। ਕਵਿਤਾ ਦੀਆਂ ਸਤਰਾਂ ਹਨ :

ਜੀਵਨ ਉੱਤੇ ਰੁੱਤ ਵਾਂਗਰਾਂ, ਹੜ੍ਹ ਕਵਿਤਾ ਦਾ ਆਇਆ।
ਅਰਥਾਂ ਲਈ ਅੱਜ ਸੌੜਾ ਜਾਪੇ, ਸ਼ਬਦਾਂ ਦਾ ਸਰਮਾਇਆ।

ਕਵਿਤਾ ਵਿੱਚ ਸ਼ਬਦਾਂ ਦੇ ਸਰਮਾਏ ਦੀ ਵਰਤੋਂ ਰਵੀ ਨੇ 'ਜੀਵਨ ਮੌਤ ਦੀ ਖੇਡ ਦੇ ਅੰਦਰ, ਸਦਾ ਅਮਰ ਹੋ ਚੱਕਰ ਲਾਵੇ' ਦਾ ਸੰਦੇਸ਼ ਦੇਣ ਲਈ ਕੀਤੀ ਹੈ। ਉਹ ਸ਼ਬਦਾਂ ਨੂੰ ਮਨੁੱਖਾਂ ਦੇ ਦਿਲਾਂ 'ਚ ਧੜਕਾ ਕੇ ਉਹਨਾਂ ਦੇ ਸਿਰਾਂ ਉੱਤੇ ਚਿੰਤਨ ਦੇ ਮੁਕਟ ਲਾਉਣ ਵਾਲੇ ਸ਼ਬਦ-ਸੁਹਜ ਦੀ ਸਿਰਜਣਾ ਕਰਦਾ ਹੈ। ਪਰੰਪਰਾ ਤੇ ਆਧੁਨਿਕਤਾ ਦੇ ਪੱਲੜਿਆਂ ਨੂੰ ਪ੍ਰਯੋਗ ਦੀ ਡੰਡੀ ਨਾਲ ਤੋਲ ਕੇ ਨਿਵੇਕਲੇ ਕਾਵਿ-ਸ਼ਾਸਤਰ ਦੀ ਉਸਾਰੀ ਕਰਦਾ ਹੈ। ਹਰ ਕਾਵਿ-ਕਿਤਾਬ ਵਿੱਚ ਉਸਨੇ ਇੰਝ ਹੀ ਕੀਤਾ ਹੈ। ਇਸ ਪੁਸਤਕ ਵਿੱਚ ਵੀ 'ਪਰੰਪਰਾ' ਪ੍ਰਯੋਗ ਦੀ ਚੱਕੀ ਦੇ ਪੁੜਾਂ ਵਿੱਚ ਪਿਸਦੀ ਹੋਈ ਜੋ ਆਧੁਨਿਕਤਾ ਦਾ ਰੂਪ ਧਾਰਦੀ ਹੈ ਤਾਂ ਏਹੋ ਆਧੁਨਿਕਤਾ

ਦੀ ਸਦ-ਵਿਗਸਣੀ ਅੰਗਲੀ-ਸੰਗਲੀ ਦੀ ਆਦਿ-ਅੰਤ ਰੀਤ ਨੂੰ 'ਹੁਣ' ਵਿੱਚ ਜਾ ਟਿਕਾਉਂਦੀ ਹੈ। 'ਹੁਣਵਾਦ' ਦੇ ਫਲਸਫੇ ਥਾਣੀਂ ਜੀਵਨ ਦੀ ਨਾਸ਼ਮਾਨਤਾ ਤੇ ਉਮਾਹ ਦੇ ਯਥਾਰਥਕ ਰੂਪਾਂ ਨੂੰ ਮਾਪਦੀ ਹੋਈ 'ਹੁਣ' ਨੂੰ ਸੰਵਾਰ ਕੇ ਭੂਤ ਨੂੰ ਸ਼ਾਨਦਾਰ ਤੇ ਭਵਿੱਖ ਨੂੰ ਫਲਕਾਰਕ ਬਣਾਉਣ ਦਾ ਸੰਦੇਸ਼ ਵੀ ਦਿੰਦੀ ਹੈ। ਇੰਝ, ਕਾਲ ਦੇ ਤਿੰਨਾਂ ਖੰਡਾਂ ਨੂੰ ਸੂਰਜ ਦਾ ਮੂੰਹ ਵਿਖਾਉਂਦੀ ਹੋਈ, ਸੂਰਜ ਦੀ ਉਪਮਾ ਵੀ ਕਰਦੀ ਹੈ :

ਮੁਰਦਾ ਭੂਤ, ਅਜੰਮਿਆ ਭਵਿੱਖ ਹੈ, ਅਸੀਂ ਤਾਂ 'ਹੁਣ' ਵਿਚ ਰਹਿਣਾ !
ਦਿਨ ਤੇ ਰਾਤ ਨੇ ਖੇਡ ਓਸਦੀ, ਸੂਰਜ ਦਾ ਕਯਾ ਕਹਿਣਾ !!!

ਰਵੀ ਨੇ ਕਵੀ ਦੇ ਰੂਪ ਵਿੱਚ ਸੂਰਜ ਦੇ ਪ੍ਰਤੀਕ ਦੀ ਭਰਪੂਰ ਵਰਤੋਂ ਸਮਾਜਕ ਯਥਾਰਥ ਦੇ ਵਿਭਿੰਨ ਰੂਪਾਂ ਨੂੰ ਦਰਸਾਉਣ ਲਈ ਕੀਤੀ ਹੈ। ਏਹੋ ਪ੍ਰਤੀਕ 'ਪਾਰ ਗਾਥਾ' ਦੀ ਕੱਥ ਤੇ ਵੱਥ ਨੂੰ ਰੁਸ਼ਨਾ ਕੇ ਇਸ ਧਾਰਨਾ ਦਾ ਪ੍ਰਯੋਗਵਾਦੀ ਲਹਿਜੇ ਵਿੱਚ ਖੰਡਨ ਕਰਦਾ ਹੈ ਕਿ ਜਿੱਥੇ ਨਾ ਪਹੁੰਚੇ ਰਵੀ, ਉਥੇ ਪਹੁੰਚੇ ਕਵੀ। ਦਰਸ਼ਨ ਦੇ ਰੂਪ ਵਿੱਚ ਇਸ ਪ੍ਰਤੀਕ ਦੀ ਵਰਤੋਂ ਇੰਝ ਹੋਈ ਹੈ :

ਸੂਰਜ, ਭੂਤ, ਭਵਿੱਖ ਨਾ ਬਣਦਾ
'ਹੁਣ' ਵਿਚ ਜਿਊਂਦਾ, 'ਹੁਣ' ਨੂੰ ਜਣਦਾ
'ਸਦ-ਹੁਣ' ਉਸਦਾ ਗਹਿਣਾ।

ਵਰਤਮਾਨ ਛਿਣ ਦੀ ਅਹਿਮੀਅਤ ਉੱਤੇ ਜ਼ੋਰ ਦਿੰਦਾ ਕਵੀ ਸਮੇਂ, ਸਥਾਨ ਤੇ ਸਥਿਤੀਆਂ ਦੇ ਸੱਚ ਦੀ ਪਛਾਣ ਕਰਨ ਵਾਲਾ ਹੁਣਵਾਦੀ ਫਲਸਫਾ ਪੇਸ਼ ਕਰ ਰਿਹਾ ਹੈ। ਏਸੇ ਹੁਣਵਾਦ ਦੇ ਧਰਾਤਲ 'ਤੇ ਖਲੋ ਕੇ ਉਹ ਸਮਾਜ ਦੇ ਹਰ ਵਰਤਾਰੇ ਨੂੰ ਘੋਖਦਾ ਹੈ, ਚੀਣਦਾ ਹੈ। ਚੀਨਣ/ਘੋਖਣ ਦੀ ਇਹ ਕਲਾਤਮਕ ਪ੍ਰਕਿਰਿਆ ਹੀ 'ਪਾਰ ਗਾਥਾ' ਦੀ ਜਨਮ-ਦਾਤੀ ਹੈ। ਜਿਵੇਂ ਸਮਾਜਕ ਚੇਤਨਾ ਦੇ ਖੁੰਢੇ ਰੂਪ ਨੂੰ ਸਾਕਾਰਨ ਲਈ ਉਸਨੇ ਸੂਰਜ ਨੂੰ ਖਾਮੋਸ਼ ਕਰ ਦਿੱਤਾ ਹੈ :

ਸੂਰਜ ਵੀ ਏਥੇ ਕਿਤੇ ਰਹਿੰਦਾ ਹੈ, ਆਦਿ-ਕਾਲ ਤੋਂ
ਦ੍ਰਿਸ਼, ਦ੍ਰਿਸ਼ਟੀ ਤੇ ਦਰਸ਼ਨ ਬਣ ਰਿਹਾ,
ਮੇਰੇ ਵਾਂਗ ਹੀ, ਖਾਮੋਸ਼ ਰਹਿੰਦਾ ਹੈ !!!

ਖਾਮੋਸ਼ੀ ਵਿਅਕਤੀਆਂ ਅੰਦਰ ਖਲਾਅ ਤੇ ਸੁੰਨ ਪੈਦਾ ਕਰਕੇ ਅਜਿਹਾ 'ਸੰਪੂਰਨ ਆਜ਼ਾਦ ਨਗਰ' ਪੈਦਾ ਕਰਦੀ ਹੈ ਜਿਸ ਵਿੱਚ ਵਰਗ ਵਿਸ਼ੇਸ਼ ਦਾ ਵਿਅਕਤੀ ਇਕੱਲਪੁਣੇ ਨਾਲ ਏਨਾ ਨੱਕੋ-ਨੱਕ ਭਰ ਜਾਂਦਾ ਹੈ ਕਿ ਉਹ ਹਰ ਰਿਸ਼ਤੇ ਤੋਂ ਹੀ ਆਜ਼ਾਦ ਹੋ ਜਾਂਦਾ ਹੈ। ਏਥੋਂ ਤਕ ਕਿ ਉਸਨੂੰ ਆਪਣੀ ਹੋਂਦ ਵੀ ਆਪਣੀ



ਨਹੀਂ ਲੱਗਦੀ। ਅਜਿਹੀ ਸਥਿਤੀ ਵਿੱਚ ਉਸ ਕੋਲ ਆਪਣੇ ਆਪ 'ਤੇ ਹੱਸਣ ਨਹੀਂ, ਸਗੋਂ ਸੋਚਣ ਲਾ ਦਿੰਦੀ ਹੈ। ਸਥਿਤੀ ਤੋਂ ਭੱਜਣਾ ਨਹੀਂ, ਉਸ ਸਾਹਵੇਂ ਖਲੋਣਾ ਸਿਖਾ ਦਿੰਦੀ ਹੈ। ਆਪਣੇ ਆਪ ਨਾਲ ਰੁੱਸਣਾ ਨਹੀਂ, ਪਿਆਰ ਕਰਨਾ ਸਿਖਾ ਦਿੰਦੀ ਹੈ। ਅਜਿਹਾ ਕੁਝ ਇਹ ਇਕੱਲ ਮਾਰੇ ਵਿਅਕਤੀ ਦੀ ਸੋਚ ਵਿੱਚ ਅਨੇਕ ਸੂਰਜ ਚੜ੍ਹਾ ਲਾਹ ਕੇ ਕਰਦੀ ਹੈ :

ਵਿਸ਼ਵ ਬਹੁਤ ਵਿਸ਼ਾਲ ਹੈ !!!
ਇਸ ਵਿਚ ਕਿਤੇ ਨਾ ਕਿਤੇ
ਬਹਾਰ ਜ਼ਰੂਰ ਖਿੜੀ ਰਹਿੰਦੀ ਹੈ !!!
ਸੂਰਜ ਦੀ ਰੌਸ਼ਨੀ ਵੀ
ਇਸ ਉੱਤੇ ਨਿਰੰਤਰ ਚਮਕਦੀ ਹੈ !!!
ਮੁਹੱਬਤ ਦੇ ਇਸ ਅਹਿਸਾਸ ਨੇ
ਮੈਨੂੰ ਵਿਸ਼ਵ ਬਣਾ ਦਿੱਤਾ ਹੈ !!!
ਜੋ ਕਦੀ ਨਹੀਂ ਡੁੱਬਦਾ, ਉਹ ਸੂਰਜ ਵਿਖਾ ਦਿੱਤਾ ਹੈ !!!

ਸੂਰਜ ਨੂੰ ਮੋਹ-ਦਰਸ਼ਨ ਦੇ ਰੂਪ ਵਿੱਚ ਪੇਸ਼ ਕਰਦਿਆਂ ਰਵੀ ਨੇ ਜਿੱਥੇ ਸੱਚਾ ਤੇ ਸੁੱਚਾ ਪਿਆਰ ਫਲਸਫਾ ਪੇਸ਼ ਕੀਤਾ ਹੈ ਉੱਥੇ ਉਪਭੋਗੀ ਸਭਿਆਚਾਰ ਵਿੱਚ ਏਸ ਫਲਸਫੇ ਨੂੰ ਵਰਤਣ ਵਾਲਿਆਂ ਦੇ ਧੁਨੀਹੀਣ ਪ੍ਰੇਮ ਤਰਾਨਿਆਂ ਨੂੰ ਛੋੜ ਕੇ ਇਸ ਨੂੰ ਤਨ ਦਾ ਯੁਗ ਵੀ ਕਿਹਾ ਹੈ। ਚੂੰਕਿ ਮੁਹੱਬਤ, ਆਦਿ-ਕਾਲ, ਜੁਗਾਦਿ ਕਾਲ—ਨਿਰੰਤਰ ਵਿਗਸਣ ਵਾਲਾ ਫਲਸਫਾ ਹੈ। ਇਸ ਲਈ ਰਵੀ ਦੀ ਮੋਹ-ਭਿੱਜੀ ਨਜ਼ਰ ਬਿਰਹਨ ਤੇ ਵੈਰਾਗੀ ਨੂੰ ਦੁਮੇਲ (ਅਮੈਂ) ਉੱਤੇ ਆਪਣੀਆਂ ਨਜ਼ਰਾਂ ਟਿਕਾਉਣ ਦਾ ਪਾਠ ਪੜ੍ਹਾਉਂਦੀ ਹੈ :

ਸੂਰਜ ਏਥੇ 'ਨ੍ਹੇਰਾ ਏਥੇ, ਨਜ਼ਰਾਂ ਵਿੱਚ ਨਜ਼ਾਰਾ ਪਾਵੇ !
ਬੱਦਲਾਂ ਵਿਚ ਸੱਤ ਰੰਗੀਆਂ ਵੀ ਹਨ, ਸੂਰਜ ਨੂੰ ਸਭ ਰੰਗ ਦਿਖਲਾਵੇ।

ਨਜ਼ਰ ਦੀ ਪਵਿੱਤਰਤਾ ਮੁਹੱਬਤ ਲਈ ਤਾਂ ਜ਼ਰੂਰੀ ਹੈ ਹੀ, ਸਮਾਜ ਦੇ ਹਰ ਵਰਤਾਰੇ ਦੇ ਵਿਕਾਸ ਲਈ ਵੀ ਲਾਜ਼ਮੀ ਸ਼ਰਤ ਹੈ। ਕਿਉਂ ਜੁ, ਪਵਿੱਤਰ ਦ੍ਰਿਸ਼ਟੀ ਸਦਕਾ ਹੀ ਕਾਦਰ ਦੀ ਕੁਦਰਤ ਨੂੰ ਖੋਜਿਆ, ਮਾਣਿਆ ਤੇ ਸਲਾਹਿਆ ਜਾ ਸਕਦਾ ਹੈ ਅਤੇ ਮਨੁੱਖ ਦੀ ਸਿਰਜੀ ਸੱਭਿਅਤਾ ਤੇ ਸੰਸਕ੍ਰਿਤੀ ਦਾ ਮੁੱਲ ਪਾਇਆ ਜਾ ਸਕਦਾ ਹੈ।

ਰਵੀ ਨੇ ਕੁਦਰਤੀ ਵਰਤਾਰਿਆਂ ਦੇ ਝਲਕਾਰਿਆਂ ਨੂੰ ਆਪਣੀ ਕਲਾ ਦਾ ਵਾਹਨ ਬਣਾ ਕੇ ਜੀਵਨ-ਯਥਾਰਥ ਦੀ ਗਾਥਾ ਨੂੰ ਸਿਰਜਣ ਵਾਲੇ ਇਸਦੇ ਪਾਰ ਗਾਥੀ ਰੂਪ (ਆਤਮ ਤੇ ਅਨਾਤਮ ਦੀ ਇਕਮਿਕਤਾ) ਨੂੰ ਪਕੜਨ ਦੀ ਕੋਸ਼ਿਸ਼

ਕੀਤੀ ਹੈ। ਕੁਦਰਤ ਕਾਦਰ ਦੀ ਇਕ ਸੰਗੀਤਕ ਰਚਨਾ ਹੈ, ਜਿਸ ਵਿਚੋਂ ਪਿਆਰ ਦੀਆਂ ਧੁਨਾਂ, ਸੋਚ ਦੀਆਂ ਸੁਰਾਂ ਤੇ ਦਰਸ਼ਨ ਦੇ ਡਗੇ ਸੁਣਾਈ ਦਿੰਦੇ ਹਨ। ਪੂਰਾ ਬ੍ਰਹਿਮੰਡ ਓਸ ਇਕ ਊਰਜਾ ਦੀ ਸਿੰਫਨੀ ਹੈ, ਜਿਸ ਨੂੰ ਸੂਰਜ ਦਾ ਪ੍ਰਤੀਕ ਇੰਝ ਦ੍ਰਿਸ਼ਟਮਾਨ ਕਰਦਾ ਹੈ :

ਜੀਵਨ ਤੇ ਸ੍ਰਿਸ਼ਟੀ ਦੀ ਊਰਜਾ; ਸੂਰਜ—
ਆਦਿ-ਕਾਲ, ਅਨੰਤ ਕਾਲ, ਨਿਰੰਤਰ ਚੱਲਦਾ ਸਫਰ ਹੈ।
ਆਕਾਸ਼, ਹਵਾ, ਜਲ ਤੇ ਧਰਤੀ, ਉਸ ਦੇ ਸਦੀਵੀ ਸਾਥੀ ਹਨ।

ਊਰਜਿਤ ਜੀਵਨ ਹੀ ਚੇਤੰਨ ਜੀਵਨ ਹੈ। ਜਨਮ ਤੇ ਮੌਤ ਦੇ ਮਿਲਣ-ਬਿੰਦੂਆਂ ਦੀ ਭੌਤਿਕ ਯਾਤਰਾ ਦਾ ਨਾਮ ਹੀ ਜੀਵਨ ਹੈ। ਤੇ ਮਨੁੱਖੀ ਜੀਵਨ ਇਸ ਸਮੁੱਚੇ ਬ੍ਰਹਿਮੰਡ ਵਿੱਚ ਕੁਦਰਤ ਦਾ ਇਕ ਅਹਿਮ ਵਰਤਾਰਾ ਹੈ। ਬ੍ਰਹਿਮੰਡ ਵਿੱਚ ਅਨੇਕਾਂ ਜੜ੍ਹ ਤੇ ਚੇਤੰਨ ਵਸਤਾਂ ਦੇ ਜੀਵਨ ਵਰਤਾਰੇ ਵਿਦਮਾਨ ਹਨ। ਐਪਰ ਮਨੁੱਖ ਕੋਲ ਐਸੀ ਸੋਚ-ਸ਼ਕਤੀ (ਦ੍ਰਿਸ਼ਟੀ) ਹੈ ਜਿਸਦੀ ਵਰਤੋਂ ਰਾਹੀਂ ਉਹ ਆਤਮ ਤੇ ਅਨਾਤਮ ਦੇ ਅਨੇਕਾਂ ਚੰਗੇ-ਮੰਦੇ ਦ੍ਰਿਸ਼ ਤੇ ਦਰਸ਼ਨ ਸਿਰਜ ਸਕਦਾ ਹੈ, 'ਹੁਣਵਾਦੀ ਫਲਸਫੇ' ਮੁਤਾਬਕ, ਜਿਨ੍ਹਾਂ ਦੀ ਸਮਝ 'ਹੁਣ' ਵਿੱਚ ਹੀ ਸੰਭਵ ਹੈ। 'ਆਪੇ ਧੁਰੀ, ਘੁਮੇਟਾ ਆਪੇ', 'ਸ਼ੂਨਯ ਸਥਿਤੀ', 'ਆਦਮ ਹੱਵਾ ਦਾ ਤਰਕ-ਸ਼ਾਸਤਰ', 'ਆਪੋ ਆਪਣਾ ਸ਼ੂਨਯ', 'ਪਾਰ ਗਾਥਾ', 'ਸੂਰਜ ਦਾ ਸਫਰ' ਆਦਿ ਕਵਿਤਾਵਾਂ ਦੱਸ ਪਾਉਂਦੀਆਂ ਹਨ ਕਿ ਕਿਵੇਂ ਮਨੁੱਖ ਨੇ ਆਪਣੀਆਂ ਜੜ੍ਹਾਂ ਲੱਭਣ ਲਈ ਆਪਣੇ ਪੁਰਖਿਆਂ (ਪੀੜ੍ਹੀ-ਦਰ-ਪੀੜ੍ਹੀ) ਦੀ ਭਾਲ ਕੀਤੀ। ਇਕ, ਦੋ, ਤਿੰਨ ਪੀੜ੍ਹੀਆਂ ਬਾਅਦ ਉਸਨੇ ਇਹ ਮੰਨ ਲਿਆ ਕਿ ਬਾਬਾ ਆਦਮ ਤੇ ਮਾਈ ਹੱਵਾ ਹੀ ਉਸਦੇ ਵੱਡੇ-ਵਡੇਰੇ ਹਨ। ਅਸਲ ਵਿਚ, 'ਪਾਰ ਗਾਥਾ' ਮਨੁੱਖੀ ਪੀੜ੍ਹੀਆਂ ਦਾ ਇਕ ਅਜਿਹਾ ਲੈਂਡਸਕੇਪ ਵੀ ਹੈ ਜਿਸ ਉੱਤੇ ਮਿਥਿਹਾਸ, ਇਤਿਹਾਸ ਤੇ ਵਰਤਮਾਨ ਦੇ ਵਿੰਗੇ-ਟੇਢੇ (ਚੰਗੇ ਮੰਦੇ) ਭੂ-ਦ੍ਰਿਸ਼ ਸ਼ਬਦ ਰਾਹੀਂ ਉਲੀਕੇ ਗਏ ਹਨ। ਸ਼ਬਦ ਕੀ ਹੈ ? ਕੀ ਆਤਮ-ਦਰਸ਼ਨ ਦਾ ਪ੍ਰਕਾਸ਼ ਹੈ ? ਕੀ ਕੁਦਰਤ ਦਾ ਪਾਇਆ ਇਕ ਸਵਾਲ ਹੈ ? ਕੀ ਦਰਸ਼ਨਾਂ ਦਾ ਦਰਸ਼ਨ ਹੈ ? ਇਤਿਆਦਿ ਪ੍ਰਸ਼ਨਾਂ ਸਨਮੁੱਖ ਵੀ ਹੁੰਦੀ ਹੈ ਰਵੀ ਦੀ ਕਵਿਤਾ :

ਆਪੇ ਪ੍ਰਸ਼ਨ ਤੇ ਉੱਤਰ ਆਪੇ, ਆਤਮ-ਦਰਸ਼ਨ ਦਾ ਪ੍ਰਕਾਸ਼।
ਤਨ ਦੀ ਊਰਜਾ ਦੇ ਵਿਚ ਬੱਝਿਆ, ਤਨ ਦਾ ਹੀ ਵਿਨਾਸ਼।

ਹਰ ਪੀੜ੍ਹੀ ਦਾ ਸੂਰਜ ਆਪਣਾ, ਆਪਣੀ ਹੀ ਚਤੁਰਾਈ।
ਰੌਸ਼ਨੀ ਇਕੋ, ਅਰਥ ਅਨੇਕਾਂ, ਦਰਸ਼ਨ ਦੀ ਵਡਿਆਈ।

ਦਰਸ਼ਨ ਵਿਚੋਂ ਦਰਸ਼ਨ ਵਿਗਸੇ, ਸਦ ਵਿਗਸਣ ਵਿਚ ਰਹਿਣਾ।



ਜੰਮਣ ਮਰਨ ਤੇ ਨ੍ਹੇਰਾ ਚਾਨਣ, ਕਾਲ-ਗਤੀ ਦਾ ਗਹਿਣਾ।

ਰਵਿੰਦਰ ਰਵੀ ਦਾ ਹੁਣਵਾਦੀ ਫਲਸਫਾ ਮੰਨਦਾ ਹੈ ਕਿ ਜੀਵਨ 'ਹੁਣ' ਦੀ ਹੀ ਖੇਡ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਖੇਡੀ ਜਾਂਦੀ ਰਹੀ ਹੈ। ਇਸ ਖੇਡ ਨੂੰ ਸ਼ਬਦ ਦੀ ਸ਼ਕਤੀ ਉਜਾਗਰ ਕਰਦੀ ਹੈ। ਇਤਿਹਾਸ, ਮਿਥਿਹਾਸ, ਦਰਸ਼ਨ ਆਦਿ ਤਾਂ ਇਸ ਖੇਡ ਤੇ ਸ਼ਕਤੀ ਦੀਆਂ ਮਾਨਵੀਕ੍ਰਿਤ ਸਿਰਜਣਾਵਾਂ ਹਨ, ਜਿਨ੍ਹਾਂ ਵਿੱਚ ਰਾਜਨੀਤੀ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਚੰਗੀ ਮੰਦੀ ਰਾਜਨੀਤੀ ਚੰਗੇ ਮਾੜੇ ਵਰਤਾਰੇ ਪੈਦਾ ਕਰਦੀ ਹੈ। ਅਮੀਰਾਂ ਲਈ ਦਾਸ ਤੇ ਗਰੀਬਾਂ ਲਈ ਮਾਰ ਹੁੰਦੀ ਹੈ। ਆਮ ਲੋਕਾਈ ਨੂੰ ਪੈਂਦੀ ਮਾਰੂ ਮਾਰ 'ਨੀਰੋ ਨੇਤਾ', 'ਊਲ ਜਲੂਲ ਬਾਂਦਰ ਨਾਟਕ', 'ਅਮਰ ਬੀਜ', 'ਦਰੋਪਦੀ ਦੀ ਸਾੜ੍ਹੀ ਤੇ ਯੁੱਧ', 'ਭਾਰਤ-ਪਾਕ ਅਮਨ-ਵਾਰਤਾਲਾਪ' ਆਦਿ ਕਵਿਤਾਵਾਂ ਵਿੱਚ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਵਿੱਚ ਯੁੱਗ ਦੇ ਮਾਰੂ ਸਵਾਲ ਖੜ੍ਹੇ ਕੀਤੇ ਗਏ ਹਨ ਤੇ ਜਿਨ੍ਹਾਂ ਦੇ ਹੱਲ ਲਈ ਰਵੀ ਨੇ 'ਹੁਣਵਾਦੀ' ਫਲਸਫਾ ਪੇਸ਼ ਕੀਤਾ ਹੈ :

'ਹੁਣ' ਦਾ ਸੰਕਟ 'ਹੁਣ' ਦਾ ਯੁੱਗ ਹੈ।
'ਹੁਣ' ਹੀ ਯੋਧਾ, 'ਹੁਣ' ਹੀ ਯੁੱਧ ਹੈ।
'ਹੁਣ' ਹੀ ਸ਼ਸਤਰ, 'ਹੁਣ' ਹੀ ਸੈਨਾ।

ਅਜੋਕੇ (ਹੁਣ) ਦੌਰ ਦੇ ਅਨੇਕਾਂ ਸੰਕਟ, ਜਿਵੇਂ ਸੋਸ਼ਲ ਮੀਡੀਏ ਦੀ ਮਾਰੂ ਭੂਮਿਕਾ, ਪ੍ਰਦੂਸ਼ਤ ਵਾਤਾਵਰਣ, ਨਸ਼ੇ, ਰੋਗ, ਤਸਕਰੀ, ਜੁਰਮ, ਬੇਕਾਰੀ, ਗਰੀਬੀ, ਕਰਜ਼ਾ, ਆਤੰਕੀ ਮਾਹੌਲ, ਅਤਿਵਾਦੀਆਂ ਦੀ ਦਨਦਨਾਹਟ, ਮੀਡੀਆ ਤੰਤਰ ਦਾ ਰਾਜਨੀਤੀਕਰਨ, ਅਹਿਸਾਸਹੀਣ ਮਨੁੱਖ ਦੀ ਪੈਦਾਇਸ਼, ਸੱਚੇ ਰਿਸ਼ਤਿਆਂ ਦੀ ਘਾਟ, ਮਾਨਵੀ ਮੁੱਲਾਂ ਦਾ ਵਿਘਟਨ ਆਦਿ 'ਪਾਰ ਗਾਥਾ' ਪੁਸਤਕ ਵਿੱਚ ਗਮਨ ਕਰਦੇ ਕਾਵਿ-ਸੰਕੇਤਾਂ ਨੂੰ ਲੋਕਤੰਤਰ ਦੇ ਜ਼ਹਿਰੀਲੇ ਫਲ ਮੰਨਿਆ ਗਿਆ ਹੈ।

ਰਵਿੰਦਰ ਰਵੀ ਕੋਲ ਜੀਵਨ-ਦਰਸ਼ਨ ਤੇ ਕਲਾ-ਦਰਸ਼ਨ ਦਾ ਸੁਮੇਲ ਕਰਨ ਵਾਲੀ ਸੋਚ 'ਚ ਐਸੀ ਸਹਿਜਤਾ ਲਗਦੀ ਹੈ ਜਿਸ 'ਚੋਂ ਸੁਹਜ ਆਪ-ਮੁਹਾਰੇ ਫੁਟ ਕੇ ਸਹਿਜ ਚਿੰਤਨ ਦਾ ਰੂਪ ਧਾਰਦਾ ਹੈ। ਏਹੋ ਰੂਪ ਕਵਿਤਾਵਾਂ 'ਚ ਹੜ੍ਹ ਬਣ ਕੇ ਸਮਾਇਆ ਹੈ। ਏਸੇ ਲਈ ਉਸਦੀ ਕਵਿਤਾ ਵਿੱਚ ਸੰਗੀਤਕ ਲੈਅ ਵਾਲੀ ਰਵਾਨਗੀ ਤੇ ਖੁਲ੍ਹੀ ਕਵਿਤਾ ਦੀ ਲੈਅ ਵਰਗੀ ਸਾਦਗੀ ਹੈ। ਕਵਿਤਾਵਾਂ ਏਨੀਆਂ ਖ਼ੂਬਸੂਰਤ ਹਨ ਕਿ ਇਹਨਾਂ ਨੂੰ ਪੜ੍ਹ ਕੇ ਇਹਨਾਂ ਉੱਤੇ ਹੀ ਨਹੀਂ ਬਲਕਿ ਇਨ੍ਹਾਂ ਦੇ ਸਿਰਜਣਹਾਰੇ ਉੱਤੇ ਵੀ ਦਿਲ ਡੁਲ੍ਹ ਜਾਂਦਾ ਹੈ।

**ਡਾ. ਚੰਦਰ ਮੋਹਨ**

'ਸਿਰਜਣਾ'-197, ਜੁਲਾਈ-ਸਤੰਬਰ, 2020 ਚੰਡੀਗੜ੍ਹ, ਭਾਰਤ

# ਜ਼ਿੰਦਗੀ ਦੇ ਅਸੀਮ ਅਨੁਭਵਾਂ ਦਾ ਕਾਵਿ ਚਿਤਰਨ : "ਪਾਰ ਗਾਥਾ"

ਰਵਿੰਦਰ ਰਵੀ ਆਧੁਨਿਕ ਪੰਜਾਬੀ ਕਵਿਤਾ ਵਿੱਚ ਉਹ ਨਾਮਵਰ ਹਸਤਾਖਰ ਹੈ, ਜੁ ਕਾਵਿ ਸਿਰਜਨਾ ਵਿੱਚ ਕਾਰਜਸ਼ੀਲ ਹੋ ਕੇ ਯਥਾਰਥੀ ਪੇਸ਼ਕਾਰੀ ਰਾਹੀਂ ਨਵੇਂ ਨਵੇਂ ਪ੍ਰਯੋਗ ਕਰਦਾ ਹੈ। ਸੋਸ਼ਲ ਮੀਡੀਆ 'ਤੇ ਸਰਗਰਮ ਹੋਣ ਕਰਕੇ ਉਸਦੀ ਕਵਿਤਾ ਵਿਚਲੇ ਨਵੇਂ ਨਵੇਂ ਅਨੁਭਵ ਪਾਠਕਾਂ ਨੂੰ ਪੜ੍ਹਨ ਨੂੰ ਮਿਲਦੇ ਹਨ। ਉਸਦੀ ਚਿੰਤਨੀ ਸੂਝ ਵਿਸ਼ਵੀ ਸਰੋਕਾਰਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ, ਅੰਦਰੂਨੀ ਤੇ ਬਾਹਰੀ, ਅਨੇਕਾਂ ਵਿਸੰਗਤੀਆਂ ਨੂੰ ਪ੍ਰਗਟਾਉਂਦੀ ਹੈ। ਮਨੁੱਖ ਦੇ ਅੰਦਰੀਵ ਸੰਸਾਰ ਦੀ ਹਲਚਲ ਸੁਣਦੀ ਰਵਿੰਦਰ ਰਵੀ ਦੀ ਸੰਵੇਦਨਾ ਕਾਵਿ ਰੂਪ ਵਿੱਚ ਸਮਾਉਂਦੀ ਹੋਈ ਦਾਰਸ਼ਨਿਕ ਪੈਂਡਿਆਂ ਵੱਲ ਮੁੜਦੀ ਹੈ। 83ਵੇਂ ਵਰ੍ਹੇ ਦੀ ਉਮਰ ਵਿੱਚ ਵੀ ਕਾਵਿ ਸਫਰ ਦੇ ਨਵੇਂ ਦਿਸਹੱਦਿਆਂ ਦੀ ਤਲਾਸ਼ ਵੱਲ ਵਧਦਾ ਕਵੀ 24ਵਾਂ ਕਾਵਿ ਸੰਗ੍ਰਹਿ ਲੈ ਕੇ ਹਾਜ਼ਰ ਹੁੰਦਾ ਹੈ। ਇਸ ਪੁਸਤਕ ਵਿੱਚੋਂ ਗੁਜ਼ਰਦਿਆਂ 67 ਕਵਿਤਾਵਾਂ ਵਿਚਲੀ ਧੁਨੀ ਯਥਾਰਥੀ ਅਨੁਭਵ ਅਤੇ ਵਰਤਾਰੇ ਬਾਰੇ ਪ੍ਰਤਿਕਰਮ ਨੂੰ ਅਭਿਵਿਅਕਤ ਕਰਦਿਆਂ ਜੀਵਨ ਦੀਆਂ ਅਨੰਤ ਨੁੱਕਰਾਂ ਪੇਸ਼ ਕਰਦੀ ਸਾਹਮਣੇ ਆਉਂਦੀ ਹੈ। ਰਵੀ ਜ਼ਿੰਦਗੀ ਦੇ ਅਰਥਾਂ ਨੂੰ ਵਿਸਥਾਰਿਤ ਕਰਦਾ ਹੋਇਆ 'ਪਾਰ ਗਾਥਾ' ਕਵਿਤਾ ਵਿੱਚ ਲਿਖਦਾ ਹੈ। ਇਹੀ ਕਵਿਤਾ ਪੁਸਤਕ ਦਾ ਸਾਰੰਸ਼ ਬਣਦੀ ਹੈ :

ਜ਼ਿੰਦਗੀ,
ਇਕ ਅਧੂਰੀ ਤਸਵੀਰ ਹੈ,
ਜੁ ਹਰ ਨਵੀਂ ਪੀੜ੍ਹੀ ਨੂੰ,
ਮੁਕੰਮਲ ਕਰਨ ਲਈ,
ਫੜਾ ਦਿੱਤੀ ਜਾਂਦੀ ਹੈ।



ਪਰ ਜ਼ਿੰਦਗੀ ਪਕੜੀ ਨਹੀਂ ਜਾਂਦੀ,
ਇਹ ਪੀੜ੍ਹੀਆਂ ਦੀ ਪਾਰ ਗਾਥਾ ਹੈ !

ਕਵੀ 'ਹੁਣਵਾਦ' ਵਰਗੇ ਨਵੇਂ ਸੰਕਲਪ ਘੜਦਾ ਹੋਇਆ ਚਿੰਤਕਾਂ ਦੇ ਲਈ ਚਿੰਤਨ ਮੰਥਨ ਕਰਨ ਵਾਸਤੇ ਸਪੇਸ ਪ੍ਰਦਾਨ ਕਰਦਾ ਹੈ, ਜਿਸ ਤਹਿਤ ਜੀਵਨ ਫਲਸਫੇ ਤੇ ਪਛਾਣਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਇਹ ਕਵਿਤਾ ਵਰਤਮਾਨ ਦੇ ਚੌਖਟ 'ਚ ਖੜ੍ਹੀ, ਸੁਰ ਅਲਾਪਦੀ ਹੋਈ, ਅਤੀਤ ਤੇ ਵਰਤਮਾਨ ਨੂੰ ਨਾਲੋ ਨਾਲ ਰੱਖਦੀ ਹੈ। ਜ਼ਿੰਦਗੀ ਦੇ ਖਾਮੋਸ਼ ਪਲਾਂ ਦੀ ਦਾਸਤਾਨ ਸੁਣਦਾ ਹੋਇਆ ਕਵੀ ਪ੍ਰਕਿਰਤਕ ਚਿੰਨ੍ਹਾਂ ਨਾਲ ਜ਼ਿੰਦਗੀ ਦੀਆਂ ਲੁਕਵੀਆਂ ਪਰਤਾਂ ਮਾਪਦਾ ਹੈ। ਇਸ ਕਵਿਤਾ ਵਿਚਲਾ ਪਾਤਰ ਕਿਤੇ 'ਆਦਮ ਹੱਵਾ ਦਾ ਤਰਕ ਸ਼ਾਸਤਰ' ਲਿਖਦਾ ਹੈ ਅਤੇ ਕਿਤੇ ਬਾਹਰੀ ਬ੍ਰਹਮੰਡ ਵਿਚਲੇ ਪਸਾਰੇ ਨੂੰ, ਥਾਹ ਪਾਉਣ ਲਈ, ਅੱਗੇ ਲਿਆਉਂਦਾ ਹੈ। ਇਹ ਕਵਿਤਾ ਮਨੁੱਖੀ ਹੋਂਦ ਨੂੰ ਸਾਕਾਰਿਤ ਕਰਨ ਲਈ ਜ਼ਿੰਦਗੀ ਦੇ ਹੁਸੀਨ ਪਲਾਂ ਅੰਦਰ ਭਾਵਾਂ ਦੀ ਲੁਕਣਮੀਟੀ ਖੇਡਦੀ ਹੈ, ਜਿਸ ਵਿੱਚ ਮਨੁੱਖ ਦੀ ਸਵੈ ਪਛਾਣ, ਸਵੈ ਹੋਂਦ ਬਰਕਰਾਰ ਰੱਖਣ ਲਈ, ਊਰਜਾ ਦਾ ਪਰਵਾਹ ਨਵੇਂ ਨਵੇਂ ਤਜਰਬਿਆਂ ਰਾਹੀਂ ਅਭਿਵਿਅਕਤ ਹੁੰਦਾ ਹੈ। ਇਹ ਕਵਿਤਾ ਮਨੁੱਖ ਦੇ ਅੰਦਰ ਦੀ ਆਵਾਜ਼ ਸੁਣਦੀ ਹੋਈ ਜੀਵਨ ਵਿੱਚ ਪੂਰਨਤਾ ਲਿਆਉਣ ਲਈ ਤਤਪਰ ਹੁੰਦੀ ਹੈ। ਸਮੇਂ ਦੀ ਤੋਰ ਪਛਾਨਣ ਲਈ ਇਸ ਕਾਵਿਕ ਪ੍ਰਕਿਰਿਆ ਅੰਦਰ ਵੱਖੋ-ਵੱਖਰੇ ਅਰਥਾਂ ਦੀ ਵਿਆਕਰਨ ਬਣਦੀ ਹੈ। ਕਵਿਤਾ 'ਸੂਰਜ ਦੇ ਨਾਲ ਨਾਲ' ਜਿੱਥੇ ਬ੍ਰਹਮੰਡ ਦੇ ਵਜੂਦ ਨੂੰ ਅਰਥ ਦੇਣ ਦੀ ਭਾਸ਼ਾ ਤੇ ਸ਼ਬਦਾਂ ਦੇ ਰੋਲ ਨੂੰ ਨਾਲੋ ਨਾਲ ਰੱਖਦੀ ਹੈ, ਉੱਥੇ ਸਮੇਂ ਦੀ ਨਬਜ਼ ਪਛਾਣਦੀ ਕਵਿਤਾ 'ਕਾਲ ਦੇ ਨਾਲ ਨਾਲ' ਵੇਖੀ ਜਾ ਸਕਦੀ ਹੈ, ਜੁ ਰਵਾਇਤੀ ਅਰਥਾਂ ਤੋਂ ਵੱਖਰੀ ਅਰਥ ਸਿਰਜਣ ਦੀ ਸਮਰੱਥਾ ਰੱਖਦੀ ਹੈ। ਕਵੀ ਮਨੁੱਖ ਦੀਆਂ ਮਾਨਸਿਕ ਉਲਝਣਾਂ ਵਿਚਲੇ ਤਣਾਵਾਂ ਬਾਰੇ ਜ਼ਿਕਰ ਕਰਦਾ ਹੋਇਆ ਮਨੁੱਖ ਅੰਦਰ ਚੱਲਦੇ ਯੁੱਧ ਦੀ ਬਾਤ ਵੀ ਪਾਉਂਦਾ ਹੈ। ਮਨੁੱਖ ਅੰਦਰਲਾ ਦਵੰਣ ਜਦੋਂ ਟੁੱਟਦਾ ਹੈ, ਤਾਂ ਉਸ ਵਿਚੋਂ ਜੁ ਸਬਕ ਨਿਕਲਦਾ ਹੈ, ਉਹ ਕਿਸੇ ਮੁਕਾਮ ਲਈ ਪ੍ਰੇਰਿਤ ਵੀ ਸਾਬਤ ਹੁੰਦਾ ਹੈ। 'ਲੜਾਈ', 'ਆਤਮ ਦਰਸ਼ਨ', 'ਵਿਕਾਸ ਤੇ ਵਿਨਾਸ਼', 'ਸਭ ਤੋਂ ਵੱਡਾ ਮਹਾਂ ਯੁੱਧ' ਕਵਿਤਾਵਾਂ ਇਸ ਸੰਦਰਭ ਵਿੱਚ ਵੇਖੀਆਂ ਜਾ ਸਕਦੀਆਂ ਹਨ।

ਕਵੀ ਜ਼ਿੰਦਗੀ ਵਿੱਚ ਮੁਹੱਬਤ ਨੂੰ ਖਾਸ ਜਗ੍ਹਾ ਪ੍ਰਦਾਨ ਕਰਦਾ ਹੈ, ਇਸ ਲਈ ਇਨ੍ਹਾਂ ਕਵਿਤਾਵਾਂ ਵਿਚਲੀ ਮੁਹੱਬਤੀ ਧੁਨੀ ਵੱਖੋ ਵੱਖਰੇ ਪਾਸਾਰਾਂ ਰਾਹੀਂ ਪ੍ਰਗਟਾਈ ਹੈ। ਪਿਆਰ ਦਾ ਅਰਥ, ਪਰਿਭਾਸ਼ਾ, ਮੁਹੱਬਤ ਦੀ ਤਲਾਸ਼, ਹਕੀਕੀ ਮੁਹੱਬਤ, ਮਿਲਾਪ ਦੀ ਤਾਂਘ, ਮੁਹੱਬਤ ਵਿਚਲਾ ਬਦਲਾਅ ਆਦਿ ਅਨੇਕਾਂ ਵਿਸ਼ੇ ਸਾਹਮਣੇ ਆਉਂਦੇ ਹਨ, ਜੁ 'ਮੂੰਹ ਜ਼ਬਾਨੀ ਇਸ਼ਕ', 'ਪਿਆਰ ਦੀ ਪਰਿਭਾਸ਼ਾ',

'ਪਿਆਰ', 'ਇਕ ਚਿਹਰੇ ਦੀ ਤਲਾਸ਼', 'ਰੁੱਸੇ ਮੌਸਮ' ਆਦਿ ਕਵਿਤਾਵਾਂ ਵਿੱਚੋਂ ਵੇਖੇ ਜਾ ਸਕਦੇ ਹਨ।

ਕਵੀ ਮੰਡੀ ਦੇ ਸੱਭਿਆਚਾਰ ਵਿਚਲੀਆਂ ਅਲਾਮਤਾਂ ਉੱਪਰ ਵੀ ਉਂਗਲ ਰੱਖਦਾ ਹੈ। ਇਸ ਪੇਸ਼ਾਮੁਖੀ ਪ੍ਰਵਿਰਤੀ ਨੇ ਮਨੁੱਖ ਨੂੰ ਆਪੇ 'ਤੇ ਸਮੇਟ ਕੇ ਰੱਖ ਦਿੱਤਾ ਹੈ। ਸਵੈ-ਕੇਂਦ੍ਰਿਤ ਮਨੁੱਖ ਸਿਰਫ ਆਪਣੇ ਮੁਨਾਫੇ ਤੋਂ ਬਿਨਾਂ ਕੁਝ ਨਹੀਂ ਸੋਚਦਾ। ਅਜਿਹੀ ਪ੍ਰਵਿਰਤੀ ਮਨੁੱਖ ਨੂੰ ਸੰਵੇਦਨਹੀਣ ਬਣਾ ਰਹੀ ਹੈ। ਕਵੀ ਠੀਕ ਹੀ ਆਖਦਾ ਹੈ :

ਅਸੀਂ ਤੁਰਦੇ ਫਿਰਦੇ,
ਬਰਫ ਦੇ ਘਰ,
ਬਰਫ ਦੇ ਵਜੂਦ-
ਠੰਡੇ, ਯੱਖ,
ਅਹਿਸਾਸ-ਹੀਣ ਹੋ ਗਏ ਹਾਂ।

ਇਸ ਪੁਸਤਕ ਵਿਚਲੀ ਕਵਿਤਾ ਦੇ ਰਾਜਸੀ ਪਾਸਾਰ ਵਿੱਚ ਵੀ ਭਾਰਤ ਤੇ ਪਾਕਿਸਤਾਨ ਵਿੱਚ ਬਣੇ ਸੰਬੰਧਾਂ ਨੂੰ ਦਰਸਾਇਆ ਗਿਆ ਹੈ ਤੇ ਦੋਹਾਂ ਮੁਲਕਾਂ ਵਿੱਚ ਚੱਲਦੀ ਖਿੱਚੋਤਾਣ ਨੂੰ ਵਾਚਿਆ ਗਿਆ ਹੈ। ਭਾਰਤ ਪਾਕਿ ਵੰਡ ਤੋਂ ਬਾਅਦ ਇਕ ਸੁਖਾਲਾ ਮਾਹੌਲ ਦੂਰ ਦੀ ਗੱਲ ਬਣ ਗਿਆ ਹੈ। ਕਵੀ ਬਿੰਬਾਂ ਤੇ ਪ੍ਰਤੀਕਾਂ ਦੀ ਵਰਤੋਂ ਕਰਦਿਆਂ ਕਟਾਕਸ਼ੀ ਲਹਿਜੇ ਨਾਲ ਕਵਿਤਾ ਅੰਦਰ ਰਾਜਸੀ ਰੰਗ ਭਰਦਾ ਹੈ। 'ਊਲ ਜਲੂਲ ਬਾਂਦਰ ਨਾਟਕ', 'ਭਾਰਤ ਪਾਕਿ ਅਮਨ ਵਾਰਤਾਲਾਪ' ਇਸੇ ਭਾਵ ਨੂੰ ਪ੍ਰਗਟਾਉਂਦੀਆਂ ਕਵਿਤਾਵਾਂ ਹਨ। ਇਸੇ ਤਰ੍ਹਾਂ ਭਾਰਤੀ ਰਾਜਸੀ ਪ੍ਰਬੰਧ ਦੇ ਕਿਰਦਾਰ ਨੂੰ ਪੇਸ਼ ਕਰਦੀਆਂ ਕਵਿਤਾਵਾਂ ਵੀ ਇਸ ਸੰਗ੍ਰਹਿ ਵਿੱਚ ਸਾਹਮਣੇ ਆਉਂਦੀਆ ਹਨ, ਜਿਨ੍ਹਾਂ ਵਿੱਚ ਨਸ਼ੇ, ਰੋਗ, ਤਸਕਰੀ, ਜੁਰਮ, ਪ੍ਰਦੂਸ਼ਣ, ਬੇਕਾਰੀ, ਗਰੀਬੀ ਤੇ ਕਰਜ਼ਦਾਰੀ ਨੂੰ ਬਿਆਨ ਕੀਤਾ ਗਿਆ ਹੈ। 'ਨੀਰੋ ਨੇਤਾ', 'ਪ੍ਰਦੂਸ਼ਤ ਲੋਕਾਂ ਦਾ ਮਹਾਂ ਭਾਰਤ' ਕਵਿਤਾਵਾਂ ਵਿਚਲੀ ਸੁਰ ਇਨ੍ਹਾਂ ਅੰਸ਼ਾਂ ਨੂੰ ਉਭਾਰਦੀ ਹੈ। ਕਵੀ ਠੀਕ ਆਖਦਾ ਹੈ :

ਬੇਕਾਰੀ, ਗਰੀਬੀ ਤੇ ਕਰਜ਼ਾ,
ਲੋਕਤੰਤਰ ਦੇ ਫਲ ਹਨ,
ਜੁ ਕੇਵਲ ਨੇਤਾਵਾਂ ਨੂੰ ਰਾਸ ਆਉਂਦੇ ਹਨ !!!
ਉਹ ਆਪ ਸੁਪਨੇ ਜਿਊਂਦੇ, ਪਰ
ਦੂਜਿਆਂ ਨੂੰ ਸੁਪਨੇ ਵਿਖਾਉਂਦੇ ਹਨ !!!

ਇਸ ਸੰਗ੍ਰਹਿ ਵਿੱਚ ਹੋਰ ਵੀ ਮਹੱਤਵਪੂਰਨ ਕਵਿਤਾਵਾਂ ਹਨ, ਜਿਵੇਂ



'ਜ਼ਿੰਦਗੀ ਇਕ ਫਿਲਮ', 'ਫਾਇਰ ਪਲੇਸ', 'ਇੱਕ ਦੀ ਸਿੰਫਨੀ', 'ਬੋਰਡਮ', 'ਹਵਾ ਵਿੱਚ ਹਵਾ', 'ਨਵੇਂ ਸਾਲ ਦਾ ਤੁਹਫਾ', 'ਤੰਗ ਜੁੱਤੀ', 'ਦਰੋਪਤੀ ਦੀ ਸਾੜ੍ਹੀ ਤੇ ਯੁੱਧ' ਆਦਿ। ਕੁੱਲ ਮਿਲਾ ਕੇ ਇਹ ਸਾਰੀਆਂ ਕਵਿਤਾਵਾਂ ਜੀਵਨ ਦੀ ਨਿਰੰਤਰਤਾ ਵਿਚਲੀ ਤੋਰ ਦੀ ਪਹਿਚਾਣ ਕਰਦੀਆਂ ਤੇ ਕਾਵਿਕ ਸੁਹਜ ਨਾਲ ਲਬਰੇਜ਼ ਹੋਣ ਕਰਕੇ ਪਾਠਕਾਂ ਦਾ ਧਿਆਨ ਮੰਗਦੀਆਂ ਹਨ।

ਇਸ ਪੁਸਤਕ ਦੀ 'ਅੰਤਿਕਾ' ਵਿੱਚ ਰਵਿੰਦਰ ਰਵੀ ਬਾਰੇ ਖੋਜ, ਜੀਵਨ ਸਨਮਾਨਾਂ ਬਾਰੇ ਵੇਰਵੇ ਅਤੇ 'ਪੁਸਤਕ ਦਰਸ਼ਨ' ਵਾਲੇ ਭਾਗ ਵਿੱਚ ਕੁਝ ਪੁਸਤਕਾਂ ਦੇ ਰੀਵੀਊ ਵੀ ਸ਼ਾਮਲ ਕੀਤੇ ਗਏ ਹਨ। ਜੇਕਰ ਇਹ ਨਾ ਹੁੰਦੇ ਤਾਂ ਪੁਸਤਕ ਦੀ ਹੋਰ ਵੱਖਰੀ ਪਹਿਚਾਣ ਬਣਦੀ।

ਪੁਸਤਕ : "ਪਾਰ ਗਾਥਾ" (ਕਾਵਿ ਸੰਗ੍ਰਹਿ - 2020)
ਕਵੀ : ਰਵਿੰਦਰ ਰਵੀ
ਪੰਨੇ : 156, ਕੀਮਤ : 320 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

ਰੀਵੀਊਕਾਰ : **ਅਰਵਿੰਦਰ ਕੌਰ ਕਾਕੜਾ**
'ਨਵਾਂ ਜ਼ਮਾਨਾ', ਜਲੰਧਰ, ਭਾਰਤ
23 ਫਰਵਰੀ, 2020
'ਫੇਸਬੁੱਕ' ਉੱਤੇ 23 ਫਰਵਰੀ, 2020 ਨੂੰ ਪੋਸਟ ਕੀਤਾ ਗਿਆ।

# "ਪਾਰ ਗਾਥਾ" : 'ਹੁਣਵਾਦ' ਦੇ ਫਲਸਫੇ ਦੀ ਨਿਸ਼ਾਨਦੇਹੀ

ਰਵਿੰਦਰ ਰਵੀ ਇਸ ਸਮੇਂ ਲੈਜੈਂਡ (Legend) ਕਵੀ ਅਤੇ ਸਾਹਿਤਕਾਰ ਵਜੋਂ ਹੈਸੀਅਤ ਰੱਖਣ ਸਦਕਾ ਪੰਜਾਬੀ ਭਾਸ਼ਾ ਦੇ ਪਾਠਕਾਂ 'ਚ ਜਾਣਿਆ ਪਛਾਣਿਆ ਚਿਹਰਾ ਹੈ। ਪ੍ਰਯੋਗਸ਼ੀਲ ਕਾਵਿ-ਲਹਿਰ ਦੇ ਬਾਨੀਆਂ 'ਚ ਉਸਦਾ ਉੱਘਾ ਨਾਂਅ ਹੈ। ਇਸੇ ਲਈ ਉਸਨੇ ਇਸ ਕਾਵਿ-ਲਹਿਰ ਨਾਲ ਜੁੜੇ ਮਿੱਤਰਾਂ ਮਨਜੀਤ ਮੀਤ, ਗੁਰਦਿਆਲ ਕੰਵਲ ਅਤੇ ਉੱਘੇ ਚਿੰਤਕ ਡਾ. ਜਸਬੀਰ ਸਿੰਘ ਆਹਲੂਵਾਲੀਆ ਨੂੰ 'ਪਾਰ ਗਾਥਾ' ਕਾਵਿ-ਸੰਗ੍ਰਹਿ ਸਮਰਪਿਤ ਕੀਤਾ ਹੈ। ਇਸ ਕਾਵਿ-ਸੰਗ੍ਰਹਿ 'ਚ ਰਵਿੰਦਰ ਰਵੀ ਦੇ ਸੰਘਰਸ਼ਮਈ ਜੀਵਨ ਅਤੇ ਸਾਹਿਤ-ਰਚਨਾ ਦਾ ਵੇਰਵਾ ਹੈ।

'ਹੁਣਵਾਦ' ਨੂੰ ਪਰਿਭਾਸ਼ਤ ਕਰਦੀ ਉਸਦੀ ਕਵਿਤਾ ਭੂਤਕਾਲ 'ਚੋਂ ਭਵਿੱਖ ਦਾ ਨਕਸ਼ਾ ਉਲੀਕਦੀ ਹੈ, ਜੁ ਪੀੜ੍ਹੀਆ ਦੇ ਨਿਰੰਤਰ ਸਫਰ ਦੀ ਦੱਸ ਪਾਉਂਦਾ ਹੈ :

ਮੁਰਦਾ ਭੂਤ, ਅਜੰਮਿਆਂ ਭਵਿੱਖ ਹੈ,
ਅਸੀਂ ਹਾਂ 'ਹੁਣ' ਵਿੱਚ ਰਹਿਣਾ
ਦਿਨ ਤੇ ਰਾਤ ਨੇ ਖੇਡ ਓਸਦੀ,
ਸੂਰਜ ਦਾ ਕਯਾ ਕਹਿਣਾ।

ਜੀਵਨ ਇਕ ਪ੍ਰਯੋਗਸ਼ਾਲਾ ਹੈ, ਜਿਸ ਵਿੱਚ ਨਿੱਤ ਵਾਪਰਦੇ ਵਰਤਾਰੇ ਪ੍ਰਯੋਗ ਹੀ ਹਨ। ਇਸੇ ਲਈ ਜੀਵਨ-ਯਥਾਰਥ ਦੀ ਸੋਝੀ 'ਚੋਂ ਉਪਜੀ ਕਵਿਤਾ ਵੀ ਇਨ੍ਹਾਂ ਨਿੱਤ ਨਵੇਂ ਵਰਤਾਰਿਆਂ ਦਾ ਪ੍ਰਯੋਗ ਹੀ ਕਿਆਸੀ, ਚਿਤਵੀ ਜਾ ਸਕਦੀ ਹੈ। ਮਨੁੱਖ ਵਰਤਮਾਨ ਤੋਂ ਅਸੰਤੁਸ਼ਟਤਾ ਦੀ ਪ੍ਰਕਿਰਿਆ ਥੀਂ ਗੁਜ਼ਰਦਾ ਹੋਇਆ, ਨਿੱਤ ਨਵੇਂ ਸੁਪਨਿਆਂ ਨੂੰ ਇਕ ਰਚਨਾ 'ਚ ਵਿਅਕਤ ਕਰਦਾ ਹੈ। ਚਿੰਤਨਸ਼ੀਲ ਵਿਅਕਤੀ ਮਨੁੱਖੀ ਜੀਵਨ ਦੇ ਪ੍ਰਾ-ਯਥਾਰਥ ਨੂੰ ਹਮੇਸ਼ਾ ਹੀ ਨਵੀਨੀਕਰਨ ਦੇ



ਮਾਰਗ 'ਤੇ ਤੋਰਨ ਦੀ ਸਫਲ ਅਕਾਂਖਿਆ ਕਰਦਾ ਹੈ। ਵਿਕਾਸ ਦੀ ਇਸ ਪ੍ਰਕਿਰਿਆ 'ਚੋਂ ਗੁਜ਼ਰਦੀ ਜ਼ਿੰਦਗੀ ਨੂੰ ਪਕੜਨਾ ਕੋਈ ਸਹਿਜ ਕਾਰਜ ਨਹੀਂ ਹੈ। ਇਸ ਲਈ ਮਨੁੱਖ 'ਲੌਕਿਕ ਸੰਸਾਰ' ਵਿੱਚ ਵਿਚਰਦਿਆਂ, 'ਪਾਰਲੌਕਿਕ ਸੰਸਾਰ' ਦੇ ਸੁੱਖਾਂ ਦੀ ਥਾਵੇਂ, ਹੁਣ ਥੀਂ ਵਿਚਰਦਿਆਂ, ਇਨ੍ਹਾਂ ਸੁੱਖਾਂ ਦੀ ਪ੍ਰਾਪਤੀ ਲੋਚਦਾ ਹੈ :

ਕੱਲ੍ਹ, ਭਲਕ ਨਾ ਲੱਗਦੇ ਚੰਗੇ,
'ਹੁਣ' ਦੀ ਇੱਛਾ, 'ਹੁਣ' ਹੀ ਮੰਗੇ।
'ਹੁਣ' ਹੀ ਸੁਣਨਾ, 'ਹੁਣ' ਹੀ ਕਹਿਣਾ।

'ਪਾਰ ਗਾਥਾ' ਤੋਂ ਲੈ ਕੇ 'ਬੀ ਦਾ ਸੱਚ' ਕਵਿਤਾਵਾਂ ਤਕ, ਕਵਿਤਾਵਾਂ ਦੇ ਸਿਰਲੇਖ : 'ਹੁਣਵਾਦ', 'ਮੇਰਾ ਘਰ', 'ਬ੍ਰਹਮੰਡ-ਬਾਣੀ', 'ਸੂਰਜ ਦਾ ਸਫਰ', 'ਇਸ਼ਕ, ਖੁਦਾ ਤੇ ਬੰਦਾ', 'ਪਾਰ-ਸ਼ਬਦੀ ਅਰਥ', 'ਨੀਰੋ ਨੇਤਾ', 'ਪਿਆਰ ਦੀ ਪਰਿਭਾਸ਼ਾ', 'ਤੰਗ ਜੁੱਤੀ', 'ਰਾਵਣ', 'ਖਪਤ-ਕਲਚਰ ਦਾ ਪਿਆਰ' ਅਤੇ 'ਹਵਾ ਵਿੱਚ ਹਵਾ' ਆਦਿ ਕਵੀ ਦੇ 'ਹੁਣਵਾਦ' ਵਰਗੇ ਨਵੇਂ ਦਰਸ਼ਨ ਦੀ ਟੋਹ ਅਤੇ ਵਿਆਖਿਆ ਕਰਦੇ ਜਾਪਦੇ ਹਨ। ਇਹ ਦਰਸ਼ਨ ਮਨੁੱਖ ਨੂੰ ਲਗਾਤਾਰ ਅੱਗੇ ਟੋਰੀ ਰੱਖਣ ਦੀ ਪ੍ਰੇਰਣਾ ਬਣਦਾ ਹੈ। ਕਵੀ ਦੀ ਇੱਛਾ ਹੈ ਕਿ ਉਸਦੇ ਪਾਠਕ ਉਸਦੇ ਇਸ ਸੰਗ੍ਰਹਿ ਤੋਂ ਪ੍ਰੇਰਣਾ ਲੈ ਕੇ, ਅੱਗੇ ਤੁਰਨ ਦੀ ਪ੍ਰਕਿਰਿਆ ਨੂੰ ਜਾਰੀ ਰੱਖਣਗੇ। ਆਮੀਨ !

ਪੁਸਤਕ : ਪਾਰ ਗਾਥਾ
ਲੇਖਕ : ਰਵਿੰਦਰ ਰਵੀ
ਪੰਨੇ : 156
ਕੀਮਤ : 320 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**ਸੰਧੂ ਵਰਿਆਣਵੀ**
ਮੋ.: 9878614096
'ਅਜੀਤ', ਜਲੰਧਰ, ਭਾਰਤ-ਅਗਸਤ 2, 2020

# ਪਰਤੱਖ ਤੋਂ ਪਾਰ ਦਾ ਦਰਸ਼ਨ : ਰਵਿੰਦਰ ਰਵੀ ਦਾ ਕਾਵਿ ਸੰਗ੍ਰਹਿ : "ਪਾਰ ਗਾਥਾ"

*(ਇਹ ਪਰਚਾ, ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ, 14 ਮਾਰਚ, 2020 ਨੂੰ ਹੋਈ, ਮਾਸਕ ਮੀਟਿੰਗ ਵਿੱਚ, ਪੜ੍ਹਿਆ ਤੇ ਵਿਚਾਰਿਆ ਗਿਆ।)*

ਰਵਿੰਦਰ ਰਵੀ ਆਧੁਨਿਕ ਪੰਜਾਬੀ ਕਵਿਤਾ ਦੇ ਨਾਮਵਰ ਹਸਤਾਖਰ, ਬਹੁਤ ਹੀ ਅਨੁਭਵੀ ਤੇ ਯਥਾਰਥਵਾਦੀ ਹੋਣ ਦੇ ਨਾਲ ਨਾਲ ਪ੍ਰਯੋਗਸ਼ੀਲ ਲਹਿਰ ਦੇ ਮੋਢੀ ਗਿਣੇ ਜਾਂਦੇ ਹਨ। ਆਪਣੇ 83ਵੇਂ ਵਰ੍ਹੇ ਦੀ ਆਯੂ ਵਿੱਚ, ਅਤੇ ਰਚਨਾ ਕਾਲ ਦੇ 65ਵੇਂ ਵਰ੍ਹੇ ਵਿੱਚ ਇਹ "ਪਾਰ ਗਾਥਾ" ਉਨ੍ਹਾਂ ਦਾ 24ਵਾਂ ਕਾਵਿ-ਸੰਗ੍ਰਹਿ ਹੈ।

ਰਵਿੰਦਰ ਰਵੀ ਦੇ ਇਸ ਕਾਵਿ-ਸੰਗ੍ਰਹਿ ਦੇ ਸਰਵਰਕ ਤੋਂ ਇਲਾਵਾ ਤਿੰਨ ਅਜਿਹੀਆਂ ਕਲਾ ਕ੍ਰਿਤੀਆਂ ਦੀਆਂ ਤਸਵੀਰਾਂ ਹਨ ਜੋ ਇਸ ਪੁਸਤਕ ਦੇ ਸਿਰਲੇਖ ਬਾਰੇ ਜਾਣੂ ਹੋਣ ਲਈ ਪਾਠਕ ਵਿੱਚ ਉਤਸੁਕਤਾ ਪੈਦਾ ਕਰਦੀਆਂ ਹਨ। ਇਹ ਪੁਸਤਕ ਨੈਸ਼ਨਲ ਬੁਕ ਸ਼ਾਪ ਦਿੱਲੀ ਤੋਂ ਪ੍ਰਕਾਸ਼ਿਤ ਹੋਈ ਹੈ। ਇਹ ਕਾਵਿ-ਸੰਗ੍ਰਹਿ ਕਵੀ ਦੇ ਵਕਤੋਂ ਪਹਿਲਾਂ ਤੁਰ ਗਏ ਕਵੀ ਮਿੱਤਰਾਂ : ਮਨਜੀਤ ਮੀਤ, ਗੁਰਦਿਆਲ ਕੰਵਲ ਅਤੇ ਡਾ. ਜਸਬੀਰ ਆਹਲੂਵਾਲੀਆ ਦੇ ਨਾਮ ਹੈ।

"ਪਾਰ ਗਾਥਾ" ਕਾਵਿ-ਸੰਗ੍ਰਹਿ ਵਿੱਚ ਕੁੱਲ 65 ਕਵਿਤਾਵਾਂ ਹਨ, ਜਿਨ੍ਹਾਂ ਨੂੰ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਕਵੀ ਨੇ ਸਮਕਾਲੀ ਯਥਾਰਥ ਨੂੰ ਸੰਪੂਰਨ ਸੱਚ ਦੇ ਰੂਪ ਵਿੱਚ ਬਿਆਨ ਕੀਤਾ ਹੈ। ਹਰ ਸਥਿਤੀ ਨੂੰ ਨਵੇਕਲੇ ਅੰਦਾਜ਼ ਵਿੱਚ ਪੇਸ਼ ਕਰਨਾ, ਜੋ ਕੁਝ ਵੀ ਅੱਖਾਂ ਸਾਹਵੇਂ ਵਿਚਰਦਾ ਹੈ, ਉਸ ਤੋਂ ਵੀ ਪਾਰ ਜਾ ਕੇ ਸੋਚਣਾ ਤੇ ਫਿਰ ਉਸ ਦੀ ਹਕੀਕਤ ਨੂੰ ਬਿਆਨ ਕਰਨਾ, ਥੋੜ੍ਹੇ ਸ਼ਬਦਾਂ ਵਿੱਚ ਵੱਡੀ ਗੱਲ ਕਰਨ ਵਿੱਚ ਕਵੀ ਨੂੰ ਮੁਹਾਰਤ ਹੈ। ਕਵਿਤਾਵਾਂ ਤੋਂ ਇਲਾਵਾ ਜਸਪਾਲ ਘਈ ਦੁਆਰਾ, "ਗੱਲ ਇਕ ਕਵਿਤਾ ਦੀ" : ਰਵਿੰਦਰ ਰਵੀ ਦੀ ਨਜ਼ਮ, "ਫੇਸਬੁੱਕ ਦੀ ਯਾਰੀ" ਬਾਰੇ ਵੀ ਜ਼ਿਕਰ ਹੈ ਤੇ ਇਹ ਕਵਿਤਾ ਵੀ ਦਰਜ ਹੈ।



ਰਵਿੰਦਰ ਰਵੀ ਨੇ ਆਪਣੇ ਕਾਵਿ ਵਿੱਚ ਅਜਿਹਾ ਬੌਧਿਕ ਅੰਦਾਜ਼ ਪੇਸ਼ ਕੀਤਾ ਹੈ ਜੋ ਕਿ ਵਿਲੱਖਣ ਤੇ ਨਿਵੇਕਲਾ ਹੀ ਹੈ। ਇਹਨਾਂ ਦੀ ਕਵਿਤਾ ਜਿੱਥੇ ਆਧੁਨਿਕ ਮਨੁੱਖ ਦੀ ਜ਼ਿੰਦਗੀ ਦੇ ਕਈ ਗੁੰਝਲਦਾਰ ਦਵੰਦਾਂ ਅੱਗੇ ਸਵਾਲ ਖੜ੍ਹੇ ਕਰਦੀ ਹੈ, ਉੱਥੇ ਉਨ੍ਹਾਂ ਦੇ ਦ੍ਰਿਸ਼ਾਂ ਤੋਂ ਪਾਰ ਦੀ ਗੱਲ ਵੀ ਸਹਿਜੇ ਕਰ ਜਾਂਦੀ ਹੈ। ਇਹਨਾਂ ਦਾ ਆਪਣਾ ਨਿਵੇਕਲਾ ਹੀ ਕਲਾ ਸੰਸਾਰ, ਕਾਵਿਕ ਸ਼ਬਦ, ਆਜ਼ਾਦ ਖਿਆਲ ਤੇ ਨਵੇਂ ਹੀ ਦ੍ਰਿਸ਼ਟੀਕੋਣ ਹਨ ਅਤੇ ਹਮੇਸ਼ਾਂ ਹੀ ਨਵੇਂ ਵਿਸ਼ਿਆਂ ਨੂੰ ਲੈ ਕੇ ਸਿਰਜਣਾ ਕੀਤੀ ਹੈ।

ਕਵੀ ਦੇ ਆਪਣੇ ਹੀ ਆਰੰਭਕ ਸ਼ਬਦਾਂ ਵਿੱਚ, "ਮੇਰੇ ਜੀਵਨ ਅਤੇ ਸਾਹਿਤ-ਰਚਨਾ ਦਾ ਮਾਰਗ, ਹਰ ਪੜਾ ਉੱਤੇ, ਬੜਾ ਦਿਲਚਸਪ ਅਤੇ ਚੁਣੌਤੀਆਂ ਭਰਪੂਰ ਰਿਹਾ ਹੈ। ਤੇਜ਼ੀ ਨਾਲ ਅੱਗੇ ਵੱਧ ਰਹੀ ਜੀਵਨ ਦੀ ਵਿਕਾਸ-ਪ੍ਰਕਿਰਿਆ ਦੇ ਨਾਲ ਨਾਲ ਯਥਾਰਥ ਦੇ ਅਨੇਕਾਂ ਨਵੇਂ ਪਹਿਲੂ ਸਦਾ ਹੀ ਉਜਾਗਰ ਹੁੰਦੇ ਰਹਿੰਦੇ ਹਨ। ਅਸੀਂ ਬਹੁਤ ਕੁਝ ਜਾਣਿਆ ਪਹਿਚਾਣਿਆ ਭੋਗਦੇ ਹੋਏ ਵੀ ਸਦਾ ਹੀ ਨਵੀਆਂ ਤਬਦੀਲੀਆਂ ਦੇ ਸਨਮੁੱਖ ਰਹਿੰਦੇ ਹਾਂ।" ਅੱਗੇ ਲਿਖਦੇ ਹਨ, "ਸਦ-ਵਿਕਸਿਤ ਹੋ ਰਹੇ ਯਥਾਰਥ ਦੀਆਂ ਰਹੱਸਮਈ ਭੁੱਲ ਭੁਲੱਈਆਂ ਵਿੱਚੋਂ ਆਪਣਾ ਮਾਰਗ ਆਪ ਬਣਾਉਣ ਦੀ ਧੁਨ ਮੇਰੇ ਜੀਵਨ ਅਤੇ ਕਾਵਿ ਦਾ ਪ੍ਰਮੁੱਖ ਪਛਾਣ-ਚਿੰਨ੍ਹ ਹੈ" :

ਰਾਤ ਪਵੇ ਜਾਂ ਦਿਨ ਚੜ੍ਹੇ
ਅਸੀਂ ਤਾਂ ਤੁਰਦੇ ਰਹਿਣਾ।
ਆਪਣਾ ਰਸਤਾ ਆਪ ਚੁਣਾਂਗੇ,
ਵਹਿਣਾਂ ਵਿੱਚ ਨਹੀਂ ਵਹਿਣਾ।"

ਇਸ ਕਾਵਿ-ਸੰਗ੍ਰਹਿ ਵਿਚਲੇ ਜੇਕਰ ਵਿਸ਼ਿਆਂ ਦੀ ਗੱਲ ਕਰੀਏ ਤਾਂ ਰਵਿੰਦਰ ਰਵੀ ਨੇ ਆਪਣੇ ਕਾਵਿ ਵਿੱਚ ਨਵੇਂ ਨਕੋਰ ਤੇ ਨਿਵੇਕਲੇ ਵਿਸ਼ੇ ਚੁਣੇ ਹਨ, ਜੋ ਆਧੁਨਿਕ ਪ੍ਰਸਥਿਤੀਆਂ ਨਾਲ ਜੁੜੇ ਹੋਏ, ਇਤਿਹਾਸਿਕ ਤੇ ਮਿਥਿਹਾਸਕ ਪਾਤਰਾਂ ਜਾਂ ਸਥਿਤੀਆਂ ਨਾਲ ਜੁੜੇ ਹੋਏ, ਸਮਾਜਿਕ, ਰੁਮਾਂਟਿਕ, ਮਾਨਵੀ ਰਿਸ਼ਤਿਆਂ ਨਾਲ ਜੁੜੇ, ਯਥਾਰਥਵਾਦੀ ਤੇ ਬ੍ਰਹਿਮੰਡ ਨਾਲ ਜੁੜੇ ਹੋਏ ਵਰਤਮਾਨ ਦੇ ਵਰਤਾਰਿਆਂ ਬਾਰੇ ਹਨ। ਉਸ ਦੇ ਵਿਸ਼ੇ ਜੀਵਨ ਦੇ ਫਲਸਫੇ, ਪਿਆਰ, ਰਾਜਨੀਤੀ, ਜੀਵਨ ਮੌਤ ਅਤੇ ਰੁੱਤਾਂ, ਗੱਲ ਕੀ, ਮਾਨਵੀ ਅਸਤਿਤਵ ਦੀ ਤਲਾਸ਼ ਨਾਲ ਜੁੜੇ ਅਨੇਕਾਂ ਵਿਸ਼ਿਆਂ ਬਾਰੇ ਅਜਿਹੇ ਦ੍ਰਿਸ਼ ਚਿਤਰਦੇ ਹਨ ਕਿ ਉਸ ਦੀ ਸਿਰਜਣ ਪ੍ਰਕਿਰਿਆ ਬਾਰੇ ਬੜੀ ਹੈਰਾਨੀ ਹੁੰਦੀ ਹੈ। ਜਿਵੇਂ "ਪਾਰ ਗਾਥਾ", "ਹੁਣਵਾਦ", "ਖਾਮੋਸ਼ ਸੂਰਜ ਦੀ ਦਾਸਤਾਨ", "ਆਦਮ ਹੱਵਾ ਦਾ ਤਰਕ ਸ਼ਾਸਤਰ", "ਆਪੋ ਆਪਣਾ ਸ਼ੂਨਯ", "ਐਕਸਟੈਨਸ਼ਨ", "ਬੁਢਾਪਾ : ਇਕ ਆਦਿ-ਕਾਲੀ ਮਹਾਂ ਯੁੱਧ", "ਨੀਰੋ ਨੇਤਾ", "ਊਲ ਜਲੂਲ ਬਾਂਦਰ ਨਾਟਕ",

"ਆਪੇ ਧੁਰੀ, ਆਪੇ ਘੁਮੇਟਾ" ਆਦਿ ਹੋਰ ਵੀ ਨਿਵੇਕਲੇ ਵਿਸ਼ੇ ਹਨ ਜਿਨ੍ਹਾਂ ਵਿੱਚ ਪਾਠਕ ਨੂੰ ਵਿਲੱਖਣਤਾ ਨਜ਼ਰ ਆਉਂਦੀ ਹੈ।

ਜੇਕਰ ਰਵਿੰਦਰ ਰਵੀ ਦੇ ਕਾਵਿ-ਸੰਗ੍ਰਹਿ ਨੂੰ ਰੂਪਕ ਪੱਖੋਂ ਵੇਖਿਆ ਜਾਵੇ ਤਾਂ ਕਵੀ ਕੋਲ ਵਿਸ਼ਾਲ ਸ਼ਬਦ-ਭੰਡਾਰ ਹੈ। ਉਹ ਸ਼ਬਦਾਂ ਦੀ ਕਲਾ ਦਾ ਮਾਹਰ ਹੈ। ਉਸ ਦੀ ਸ਼ਬਦ ਚੋਣ, ਉਹਨਾਂ ਦੀ ਤਰਤੀਬ ਵਿੱਚ ਮੁਹਾਰਤ ਹੈ। ਉਸ ਦੀ ਸ਼ੈਲੀ ਵਿਲੱਖਣ ਹੈ ਜਿੱਥੇ ਉਹ ਰਵਾਇਤੀ ਅਰਥਾਂ ਦੀ ਥਾਂ ਨਵੀਨ ਅਰਥ ਦੇ ਕੇ ਸ਼ਬਦਾਂ ਦੇ ਅਰਥਾਂ ਦਾ ਵਿਸਥਾਰ ਕਰਦਾ ਹੈ। ਮੁਹਾਵਰੇ, ਅਖਾਣ, ਕਹਾਵਤਾਂ, ਲੋਕ-ਗੀਤਾਂ ਦੀ ਵਰਤੋਂ ਸਹਿਜ ਸੁਭਾਅ ਕਰਦਾ ਹੈ। ਉਸ ਦੇ ਕਾਵਿ ਵਿੱਚ ਪੰਜਾਬੀ ਭਾਸ਼ਾ ਤੋਂ ਇਲਾਵਾ ਹਿੰਦੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਦੇ ਸ਼ਬਦ ਸਹਿਜ ਸੁਭਾਅ ਸ਼ਾਮਲ ਹੁੰਦੇ ਹਨ। ਰਵਿੰਦਰ ਰਵੀ ਆਪਣੇ ਇਸ ਕਾਵਿ-ਸੰਗ੍ਰਹਿ ਵਿੱਚ ਕਈ ਤਰ੍ਹਾਂ ਦੇ ਬਿੰਬ ਤੇ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ, ਜੋ ਉਸ ਦੀ ਕਵਿਤਾ ਨੂੰ ਪ੍ਰਭਾਵਸ਼ਾਲੀ ਕਰਦੇ ਹਨ।

ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਅਸੀਂ ਕਈ ਵੰਨਗੀਆਂ ਬਾਰੇ ਵੇਖਾਂਗੇ। ਇਸ ਕਾਵਿ-ਸੰਗ੍ਰਹਿ ਵਿੱਚ ਪਹਿਲੀ ਕਵਿਤਾ ਹੀ ਪਾਰ ਗਾਥਾ ਹੈ, ਜਿਸ ਵਿੱਚ ਜ਼ਿੰਦਗੀ ਦੀ ਵਾਸਤਵਿਕਤਾ ਦੇ ਦਰਸ਼ਨ ਹੁੰਦੇ ਹਨ। ਜਿਵੇਂ :-

ਜ਼ਿੰਦਗੀ,
ਇਕ ਅਧੂਰੀ ਤਸਵੀਰ ਹੈ
ਜੁ ਹਰ ਨਵੀਂ ਪੀੜ੍ਹੀ ਨੂੰ,
ਮੁਕੰਮਲ ਕਰਨ ਲਈ,
ਫੜਾ ਦਿੱਤੀ ਜਾਂਦੀ ਹੈ !!!

ਹਰ ਨਵੀਂ ਪੀੜ੍ਹੀ,
ਇਸ ਵਿੱਚ ਆਪਣੇ ਰੰਗ ਭਰਦੀ,
ਇਸ ਨੂੰ ਸੁਆਰਦੀ, ਵਿਗਾੜਦੀ,
ਵਿਸਥਾਰਦੀ ਹੈ !!!
ਆਪਣੇ ਆਪ ਨੂੰ ਨਿਹਾਰਦੀ ਹੈ !!!
ਪਰ ਜ਼ਿੰਦਗੀ,
ਪਕੜੀ ਨਹੀਂ ਜਾਂਦੀ !
ਇਹ ਪੀੜ੍ਹੀਆਂ ਦੀ ਪਾਰ ਗਾਥਾ ਹੈ !!!
ਕਿਤਨਾ ਯਥਾਰਥ ਹੈ !

ਰਵਿੰਦਰ ਰਵੀ ਦਾ ਕਾਵਿ ਨਵੇਂ ਕਾਵਿਕ ਵਿਸ਼ੇ, ਨਵੇਂ ਦਰਸ਼ਨ ਘੜਦਾ ਹੈ। ਜਿਵੇਂ 'ਹੁਣਵਾਦ' ਵਿੱਚ ਕਮਾਲ ਦੀ ਫਿਲਾਸਫੀ ਨੂੰ ਪੇਸ਼ ਕੀਤਾ ਹੈ। ਉਸ ਦੀ ਵੰਨਗੀ ਵੇਖੋ:-



'ਹੁਣ' ਹੀ ਸ਼ਬਦ ਤੇ ਅਰਥ, ਦਿਸ਼ਾ ਹੈ।
'ਹੁਣ' ਹੀ ਧੜਕਣ, ਸੁਆਸ, ਵਿਸ਼ਾ ਹੈ।
'ਹੁਣ-ਪੰਖਾਂ' ਵਿੱਚ ਉੱਡਦੇ ਰਹਿਣਾ।

ਵਾਦਾਂ ਦਾ ਯੁੱਗ, ਵਾਦ : ਆਬਾਦੀ।
ਅਸੀਂ ਵੀ ਬਣ ਗਏ ਹਾਂ 'ਹੁਣਵਾਦੀ'।
'ਹੁਣ' ਦ੍ਰਿਸ਼ਟੀ, ਦਰਸ਼ਨ 'ਹੁਣ' ਰਹਿਣਾ।

'ਖਾਮੋਸ਼ ਸੂਰਜ ਦੀ ਦਾਸਤਾਨ' ਕਵਿਤਾ ਵਿੱਚ ਕਵੀ ਨੇ ਦਰਸਾਇਆ ਹੈ ਕਿ ਸੈਨਤਾਂ ਜਾਂ ਇਸ਼ਾਰਿਆਂ ਨਾਲ ਵੀ ਖਾਮੋਸ਼ੀ ਦੀ ਭਾਸ਼ਾ ਨੂੰ ਸਮਝਿਆ ਜਾ ਸਕਦਾ ਹੈ ਤੇ ਉਸ ਲਈ ਬਿੰਬ ਜਾਂ ਪ੍ਰਤੀਕ ਦਰਸਾ ਕੇ ਵੀ ਦਸਤਾਨ ਸਮਝਾਈ ਜਾ ਸਕਦੀ ਹੈ। ਜਿਵੇਂ :-

ਸੂਰਜ ਵੀ ਏਥੇ ਕਿਤੇ ਰਹਿੰਦਾ ਹੈ,
ਆਦਿ ਕਾਲ ਤੋਂ,
ਦ੍ਰਿਸ਼, ਦ੍ਰਿਸ਼ਟੀ ਤੇ ਦਰਸ਼ਨ ਬਣ ਰਿਹਾ,
ਮੇਰੇ ਵਾਂਗ ਹੀ,
ਖਾਮੋਸ਼ ਰਹਿੰਦਾ ਹੈ !!!

'ਆਦਮ ਹੱਵਾ ਦਾ ਤਰਕ-ਸ਼ਾਸਤਰ' ਕਵਿਤਾ ਵਿੱਚ ਮਿਥਿਹਾਸਕ ਹਵਾਲੇ ਦੇ ਕੇ ਸ਼ਬਦਾਂ ਵਿੱਚ ਅਰਥਾਂ ਦੀ ਵਿਥਿਆ ਦਾ ਵਿਕਾਸ ਆਦਿ ਕਾਲ ਤੋਂ ਨਿਰੰਤਰ ਚੱਲ ਰਹੇ ਹੋਣ ਬਾਰੇ ਦਰਸਾਉਂਦਾ ਹੈ। ਕਿਤੇ ਕਿਤੇ ਰਵਿੰਦਰ ਰਵੀ ਆਪਣੀਆਂ ਕਵਿਤਾਵਾਂ ਵਿਚਲੀ ਫਿਲਾਸਫੀ ਨੂੰ ਸੋਚ ਤੋਂ ਪਾਰਲੇ ਪਾਸੇ ਸੋਚਣ ਤੇ ਮਜ਼ਬੂਰ ਕਰਦਾ ਹੈ। ਜਿਵੇਂ ਕੁਝ ਸਤਰਾਂ ਹਨ :-

ਮੇਰੇ ਖੂਨ 'ਚ ਜੱਦੀ ਪੁਸ਼ਤੀ
ਪੁਰਖਿਆਂ ਦੇ ਇਤਿਹਾਸ ਦੀ ਵਿਥਿਆ।
... ...
ਪੀੜ੍ਹੀ ਦਰ ਪੀੜ੍ਹੀ ਮੇਰੇ ਵਿੱਚ
ਮੁੱਢ ਤੋਂ ਹੀ ਆਦਮ ਵੱਸਦਾ ਹੈ।
... ...
ਮਾਈ ਹੱਵਾ ਹੈ : ਮਾਂ, ਧੀ, ਦੋਹਤੀ,
ਇਕ ਬੀਜ ਤੋਂ ਤੁਰੀ ਕਹਾਣੀ।
ਸੋਮੇਂ ਤੋਂ ਸਾਗਰ ਤਕ ਵੱਗਦਾ,

ਬੋਲ ਰਿਹਾ ਥਾਂ ਥਾਂ ਦਾ ਪਾਣੀ।
... ...
ਪਿੰਡ, ਬ੍ਰਹਿਮੰਡ ਦਾ ਸਗਲ ਪਸਾਰਾ;
ਮੇਰਾ ਹੀ ਫੈਲਾਅ ਲੱਗਦਾ ਹੈ।

ਹਰ ਕਵਿਤਾ ਦਾ ਅੰਦਾਜ਼ ਵਿਲੱਖਣ ਹੈ, ਪਰ ਸ਼ਬਦਾਂ ਦੇ ਅਰਥਾਂ ਤੋਂ ਪਰ੍ਹੇ ਵੀ ਨਵਾਂ ਚਿੰਤਨ ਤੇ ਦਰਸ਼ਨ ਝਲਕਦਾ ਹੈ। 'ਮੇਰਾ ਘਰ' ਕਵਿਤਾ ਵਿੱਚ :-

ਮੇਰਾ ਘਰ ਦਰਸ਼ਨ ਤੇ ਦ੍ਰਿਸ਼ਟੀ
ਮੇਰੇ ਰੰਗ ਵਿੱਚ ਸਗਲ ਸ੍ਰਿਸ਼ਟੀ
ਰੌਸ਼ਨ ਕਾਵਿ 'ਚ ਹੋਂਦ ਮੇਰੀ ਹੀ
ਖੁਦ ਰੌਸ਼ਨ, ਸਭ ਨੂੰ ਰੁਸ਼ਨਾਵੇ।

ਰਵਿੰਦਰ ਰਵੀ ਨੂੰ ਬ੍ਰਹਿਮੰਡਕ ਕਵੀ ਕਿਹਾ ਜਾਂਦਾ ਹੈ। ਪਿੰਡ ਬ੍ਰਹਿਮੰਡ ਦੇ ਅਨੇਕਾਂ ਰੂਪ, ਅਨੇਕਾਂ ਦਰਸ਼ਨ ਜਿਤਨੇ ਰਵੀ ਦੇ ਕਾਵਿ ਜਗਤ ਵਿੱਚ ਵੇਖਣ ਨੂੰ ਮਿਲਦੇ ਹਨ ਇਤਨੇ ਕਿਧਰੇ ਵੀ ਨਜ਼ਰ ਨਹੀਂ ਆਉਂਦੇ। ਕਈ ਵਾਰ ਪਾਠਕ ਸਾਹਵੇਂ ਪ੍ਰਸ਼ਨ ਚਿੰਨ੍ਹ ਵੀ ਖੜੇ ਕਰਦਾ ਹੈ ਕਿਉਂਕਿ ਉਹ ਇਕ ਪ੍ਰਬੁੱਧ ਚਿੰਤਕ ਵੀ ਹੈ। 'ਬ੍ਰਹਿਮੰਡ ਬਾਣੀ' ਵਿੱਚ ਲਿਖਦੇ ਹਨ :-

ਕੰਧਾਂ ਦੇ ਵਿੱਚ ਬੰਦ ਹੋਂਦ ਨੇ,
ਸੋਚਾਂ ਦੇ ਵਿੱਚ ਵਹਿਣਾ,
ਪਿੰਡ ਨੂੰ ਜਾਗ ਲੱਗੀ ਬ੍ਰਹਿਮੰਡ ਦੀ
ਤਿੰਨ ਕਾਲਾਂ ਵਿੱਚ ਰਹਿਣਾ-

'ਸੰਪੂਰਨ ਆਜ਼ਾਦ ਨਗਰ' ਕਵਿਤਾ ਵਿੱਚ ਕਵੀ ਨੇ ਆਜ਼ਾਦੀ ਦੀ ਇਕ ਵੱਖਰੀ ਹੀ ਪਰਿਭਾਸ਼ਾ ਦੱਸੀ ਹੈ। ਬੇਸ਼ੱਕ ਅੱਜ ਦਾ ਇਨਸਾਨ ਇਕੱਲਾਪਨ ਭੋਗਦਾ ਹੈ ਫਿਰ ਵੀ ਆਪਣੀ ਆਜ਼ਾਦੀ ਤੇ ਹੱਸ ਛੱਡਦਾ ਹੈ। ਵੰਨਗੀ :-

ਏਸ ਨਗਰ ਦਾ ਹਰ ਸ਼ਹਿਰੀ,
ਸਿਰ ਤੋਂ ਪੈਰਾਂ ਤਕ,
ਸੰਪੂਰਨ ਆਜ਼ਾਦੀ ਦੀ ਇੱਛਾ ਵਿੱਚ ਭਿੱਜਿਆ ਪਿਆ ਹੈ !!!
... ...
ਇਸ ਨਗਰ ਦੇ ਵਾਸੀ,
ਜਦ ਕਦੇ ਵਿਹਲੇ ਹੁੰਦੇ ਹਨ,
ਆਪਣੇ ਆਪ 'ਤੇ ਹੱਸ ਛੱਡਦੇ ਹਨ,
ਇਕ ਅਪਰਿਭਾਸ਼ਤ ਹਾਸਾ



ਤੇ ਕਹਿੰਦੇ ਹਨ :

"ਹੁਣ ਇਹ ਨਗਰ ਸੰਪੂਰਨ ਆਜ਼ਾਦ ਹੋ ਗਿਆ ਹੈ !!!"

'ਇਸ਼ਕ ਖੁਦਾ ਤੇ ਬੰਦਾ' ਕਵਿਤਾ ਵਿਅੰਗਆਤਮਕ ਹੈ। ਜਿਸ ਵਿੱਚ ਕਵੀ ਸੋਹਣੀ ਸੱਸੀ ਤੇ ਹੀਰ ਸਾਰਿਆਂ ਨੂੰ ਹੀ ਸਵਾਲ ਕਰਦਾ ਹੈ ਕਿ ਉਹ ਕਿਹੋ ਜਿਹੀਆਂ ਨੇ ਜਿਨ੍ਹਾਂ ਨੇ ਇਸ਼ਕ ਵਿੱਚ ਖੁਦਾ ਨੂੰ ਬੰਦਾ ਬਣਾ ਦਿੱਤਾ।

'ਆਪੋ ਅਪਾਣਾ ਸ਼ੂਨਯ' ਵਿੱਚ ਪਹਾੜ, ਬਰਫ਼ਬਾਰੀ ਤੇ ਰੁੱਤਾਂ ਦੀ ਲੈਂਡ-ਸਕੇਪ ਦੀ ਗੱਲ ਕਰਦਿਆਂ ਕਵੀ ਦਰਸਾਉਂਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਇਹ ਨਜ਼ਾਰੇ ਆਪਣੀ ਆਪਣੀ ਦ੍ਰਿਸ਼ਟੀ ਤੋਂ ਆਪਣਾ ਦਰਸ਼ਨ ਮਾਣਦੀਆਂ ਹਨ। ਅਜੋਕਾ ਮਨੁੱਖ ਵੀ ਕੁਦਰਤ ਦੇ ਸਾਰੇ ਦ੍ਰਿਸ਼ਾਂ ਵਿੱਚ ਵਿਚਰਦਾ ਹੋਇਆ ਬੀਤ ਜਾਵੇਗਾ :-

ਪੀੜ੍ਹੀਆਂ ਦੇ ਨਿਰੰਤਰ ਗੇੜ ਵਿੱਚ-
ਹਰ ਪੀੜ੍ਹੀ ਦਾ ਸ਼ੂਨਯ ਵੀ,
ਉਸ ਵਿੱਚ,
ਸਹਿਜ ਪਿਆ ਹੁੰਦਾ ਹੈ।।

'ਐਕਸਟੈਨਸ਼ਨ' ਕਵਿਤਾ ਵਿੱਚ ਜ਼ਿੰਦਗੀ ਵਾਂਗ, ਐਕਸਟੈਨਸ਼ਨ ਦੀ ਵੀ ਕੋਈ ਨਿਸ਼ਚਿਤ ਉਮਰ ਨਹੀਂ ਹੁੰਦੀ,

ਇਹ ਰਬੜ ਵਾਂਗ,
ਵੱਧ ਵੀ ਸਕਦੀ ਹੈ-
ਤੇ ਬੁਲਬੁਲੇ ਵਾਂਗ,
ਫੱਟ ਵੀ !!!

ਕਵੀ ਮੁਤਾਬਿਕ ਪਿਆਰ : ਇਕ ਹਵਾਈ ਅਨੁਭਵ ਹੈ, ਮਹਿਕ ਵਾਂਗ ਫੈਲਦਾ ਹੈ।

'ਪਾਰ-ਸ਼ਬਦੀ' ਅਰਥ ਇਕ ਭਾਵ ਹੈ ਜਿਸ ਨੂੰ ਸਪਰਸ਼ ਤੋਂ ਬਿਨਾਂ ਵੀ ਮਾਣਿਆ, ਮਹਿਸੂਸਿਆ ਜਾ ਸਕਦਾ ਹੈ। ਮਨੁੱਖ ਇਕਲਾਪੇ ਦੀ ਉਮਰ ਕੈਦ ਭੋਗਦਾ, ਅਣਮਿਲੀ ਪ੍ਰੇਮਿਕਾ ਨੂੰ ਢੂੰਡਦਾ, ਖਪਤ ਕਲਚਰ ਵਿੱਚ ਮੁਹੱਬਤ ਨੂੰ ਅਰਥ-ਹੀਣ ਵਸਤ, ਊਲ ਜਲੂਲ ਧੁਨੀਹੀਣ ਤਰਾਨਾ ਦਰਸਾਉਂਦਾ ਹੈ।

'ਪ੍ਰਦੂਸ਼ਿਤ ਲੋਕਾਂ ਦਾ ਮਹਾਂਭਾਰਤ' ਕਵਿਤਾ ਵਿੱਚ ਕਵੀ ਪ੍ਰਦੂਸ਼ਣ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ ਕਿ ਪ੍ਰਦੂਸ਼ਿਤ ਖੇਤਾਂ ਵਿੱਚ ਪ੍ਰਦੂਸ਼ਿਤ ਫਸਲਾਂ ਦੀ ਤਰ੍ਹਾਂ ਮਨੁੱਖ ਵੀ ਪ੍ਰਦੂਸ਼ਿਤ ਹੋ ਪ੍ਰਦੂਸ਼ਿਤ ਔਲਾਦ ਪੈਦਾ ਕਰ ਰਿਹਾ ਹੈ ਜਿਸ ਦਾ ਨਸ਼ੇ, ਰੋਗ, ਤਸਕਰੀ, ਜੁਰਮ ਆਮ ਕੁਦਰਤੀ ਵਿਹਾਰ ਅਤੇ ਚਰਿੱਤਰ ਹੈ। ਅਜਿਹੇ ਵਾਤਾਵਰਣ ਵਿੱਚ ਹਰ ਦਿਨ ਮਹਾਂਭਾਰਤ ਹੈ।

'ਕਵਿਤਾ : ਕੁਕੂਨਸ'-ਵਿੱਚ ਕਵਿਤਾ ਨੂੰ ਅਮਰ ਦੱਸਿਆ ਹੈ। ਕਵਿਤਾ ਕੁਦਰਤ ਦੇ ਹਰ ਕਣ ਵਿੱਚ, ਹਰ ਵਰਤਾਰੇ ਵਿੱਚ ਵਿਚਰਦੀ ਹੈ। ਮੌਤ ਤੇ ਜ਼ਿੰਦਗੀ ਵਿੱਚ ਵੀ ਕਵਿਤਾ ਹੈ। ਕੁਕੂਨਸ ਵਾਂਗ ਜ਼ਿੰਦਗੀ ਦੀ ਪਾਰ ਗਾਥਾ ਬਣ ਜਾਂਦੀ ਹੈ।

'ਖੜੋਤੇ ਸਮੇਂ ਦਾ ਗੀਤ' ਵਿੱਚ ਕਈ ਵਾਰ ਸਭ ਕੁਝ ਹੁੰਦਿਆਂ ਵੀ ਹਰ ਗੀਤ ਖਾਮੋਸ਼ ਤੇ ਸਮਾਂ ਰੁੱਕ ਜਾਂਦਾ ਹੈ।

'ਆਪੋ ਆਪਣਾ ਧਰੁੱਵ' ਵਿੱਚ ਹਰ ਧਰੁੱਪ ਆਪਣੇ ਰੰਗ ਵਿੱਚ ਰੰਗਿਆ ਹੈ।

'ਟਾਪੂ ਬਣੇ ਵਿਸ਼ਵ' ਵਿੱਚ ਕਵੀ ਨੇ ਮੁਹੱਬਤ ਨੂੰ ਇਕ ਅਜਿਹਾ ਛਿਣਿਕ ਅਨੁਭਵ ਕਿਹਾ ਹੈ ਜੋ ਮੌਸਮ ਵਾਂਗ ਆਉਂਦਾ ਤੇ ਸਮੇਂ ਵਿੱਚ ਵਿਸ਼ਵ ਵਾਂਗ ਫੈਲ ਜਾਂਦਾ ਹੈ, ਤੇ ਆਪੋ ਆਪਣੇ ਵਿਸ਼ਵ ਵਿੱਚ ਇਨਸਾਨ ਫਿਰ ਵੀ ਇਕੱਲੇ ਟਾਪੂ ਵਾਂਗ ਇਕੱਲ ਭੋਗਦਾ ਹੈ।

'ਨਵਾਂ ਸੂਰਜ' ਕਵਿਤਾ ਵਿੱਚ ਕੁਦਰਤ ਦਾ ਕੁਦਰਤੀ ਵਿਕਾਸ ਤੇ ਮਾਨਵ ਦੀ ਸਿਰਜੀ ਕੁਦਰਤ ਦੇ ਵਿਕਾਸ ਵਿੱਚ ਮੁਕਾਬਲਾ ਨਹੀਂ ਬਲਕਿ ਦੋ ਸ਼ਕਤੀਆਂ ਦਾ ਸੁਮੇਲ ਤੇ ਇਕ ਦੂਜੇ ਨੂੰ ਸੋਧਣ, ਬਦਲਣ ਦੀ ਵਿਧੀ ਦੱਸਿਆ ਹੈ।

ਇਨਸਾਨ ਨੇ,
ਭਾਸ਼ਾ ਸਿਰਜ ਕੇ,
ਉੱਡਦੇ ਹੋਏ ਸੱਚ ਨੂੰ ਵੀ,
ਸ਼ਬਦਾਂ ਵਿੱਚ ਪਕੜਨ ਦੀ,
ਵਿਧੀ ਬਣਾ ਦਿੱਤੀ ਹੈ !!!
... ...
ਇਸ ਤਰ੍ਹਾਂ, ਜੇ ਅਸੀਂ ਚਾਹੀਏ, ਤਾਂ
ਆਕਾਸ਼ ਨੂੰ ਪੌੜੀ ਲਗਾ ਸਕਦੇ ਹਾਂ !
ਨਖਯਤਰਾਂ 'ਤੇ,
ਜੀਵਨ ਦਾ ਨਵਾਂ ਸੂਰਜ ਚੜ੍ਹਾ ਸਕਦੇ ਹਾਂ !!
ਕਿੰਨੀ ਆਸ਼ਾਵਾਦੀ ਸੋਚ ਦਾ ਸੁਨੇਹਾ ਹੈ !

'ਵਿਕਾਸ ਤੇ ਵਿਨਾਸ਼' ਕਵਿਤਾ ਵਿੱਚ ਵਿਕਾਸ ਤੇ ਵਿਨਾਸ਼ ਦਾ ਸਫਰ, ਪੀੜ੍ਹੀ-ਦਰ-ਪੀੜ੍ਹੀ ਦਾ ਆਦਿ ਕਾਲ ਤੋਂ ਜਾਰੀ ਹੈ, ਦੀ ਗੱਲ ਕੀਤੀ ਹੈ।

ਇਹਨਾਂ ਦੇ ਅਰਥ, ਇਕ ਦੂਜੇ ਵਿੱਚ ਧਰੇ ਹਨ।
ਤਵਾਰੀਖ ਦੇ ਪੰਨਿਆਂ 'ਤੇ,
ਕਿੰਨੇ ਸੂਰਜ ਡੁੱਬੇ ਤੇ ਕਿੰਨੇ ਚੜ੍ਹੇ ਹਨ ???

'ਬਣਾਵਟੀ ਰਿਸ਼ਤੇ' ਵਿੱਚ ਮਨੁੱਖ ਭ੍ਰਿਸ਼ਟਾਚਾਰੀ, ਰਵਾਇਤੀ ਵਾਰਤਾਲਾਪ



ਕਰਦੇ, ਅਭਿਨੈ ਕਰਦੇ, ਮਖੌਟੇ ਪਹਿਨ ਵਿਖਾਵਾ ਕਰਦੇ ਹਨ। ਪਰ ਮੁਹੱਬਤ ਕਰਨ ਨਾਲ ਬਣਾਵਟੀ ਵਾਰਤਾਲਾਪ ਨਹੀਂ ਹੁੰਦੀ, ਉਹ ਦਿਲ ਦੀ ਭਾਸ਼ਾ ਬੋਲਦੀ ਹੈ।

'ਸੂਰਜ ਦੇ ਨਾਲ ਨਾਲ' ਵਿੱਚ ਕਵੀ ਦੀ ਸੋਚ ਸੂਰਜ ਦੇ ਉਦੇ ਹੋਣ ਤੇ ਹੋਰ ਡੂੰਘੇਰੀ ਪ੍ਰਤੀਤ ਹੁੰਦੀ ਹੈ ਜਿਵੇਂ :-

ਜੀਵਨ ਤੇ ਸ੍ਰਿਸ਼ਟੀ ਦੀ ਊਰਜਾ : ਸੂਰਜ-
ਆਦਿ ਕਾਲ, ਅਨੰਤ ਕਾਲ,
ਨਿਰੰਤਰ ਚਲਦਾ ਸਫਰ ਹੈ।

'ਕਵਿਤਾ ਦੀ ਰੁੱਤ' ਕਵਿਤਾ ਵਿੱਚ :-

ਅੱਖਾਂ ਬਣੀਆਂ ਪ੍ਰਿਜ਼ਮ ਤੇ ਸੂਰਜ,
ਹਰ ਰੰਗ ਨੂੰ ਬਰਸਾਇਆ।
... ...
ਭਾਸ਼ਾ ਵਿੱਚ ਵੀ ਧੜਕੇ ਜ਼ਿੰਦਗੀ,
ਚਿੰਤਨ ਦਾ ਸਰਮਾਇਆ।

'ਨੀਰੋ ਨੇਤਾ' ਕਵਿਤਾ ਵਿੱਚ ਯਥਾਰਥ ਨੂੰ ਵੇਖੋ :-

ਮਰਨ ਵਾਲਾ, ਸੁਫਨੇ ਲੈ,
ਵੋਟ ਪਾ ਕੇ ਮਰ ਗਿਆ।
ਕਿਸੇ ਨੂੰ ਰਾਜਾ,
ਕਿਸੇ ਨੂੰ ਪਰਜਾ ਕਰ ਗਿਆ।
... ਤੇ
ਨੇਤਾ,
ਨੀਰੋ ਹਨ !
ਅੱਗ ਭੜਕਾਉਂਦੇ,
ਬੰਸਰੀ ਵਜਾਉਂਦੇ ਹਨ !!!

'ਊਲ ਜਲੂਲ ਬਾਂਦਰ ਨਾਟਕ' ਕਵਿਤਾ (ਹਿੰਦ-ਪਾਕ ਯੁੱਧ-ਰਾਜਨੀਤੀ ਦੇ ਪ੍ਰਸੰਗ ਵਿੱਚ) ਵਿੱਚ :-

ਮਸਖਰਾ ਆਖਦਾ ਹੈ
ਬਾਂਦਰ ਇਸ ਲੋਕਤੰਤਰ ਦਾ
ਵਿੱਦਵਾਨ ਹੈ।
... ...

ਬਾਂਦਰ ਨੂੰ ਅੰਬ ਤੇ ਬੰਬ ਵਿੱਚ
ਕੋਈ ਫਰਕ ਨਜ਼ਰ ਨਹੀਂ ਆਉਂਦਾ !!!
... ਤੇ ਮਸਖਰਾ
ਨੇਤਾ,
ਅੰਬ ਵਿੱਚ ਛੁਪੇ ਹੋਏ ਬੰਬ ਹਨ।

'ਅਮਰ ਬੀਜ' ਕਵਿਤਾ ਵਿੱਚ :-

ਜ਼ਿੰਦਗੀ,
ਇਕ ਅਮਰ ਬੀਜ ਬਣੀ,
ਵਾਰ ਵਾਰ,
ਹਰ ਵਾਰ,
ਜੰਮਦੀ ਰਹੀ,
ਉਗਦੀ ਰਹੀ,
ਪੁਗਦੀ ਰਹੀ।

ਚਾਹੇ ਕੁਦਰਤੀ ਕਹਿਰ, ਯੁੱਧ, ਹਾਦਸਿਆਂ, ਬਿਮਾਰੀਆਂ ਮੌਤ ਆਦਿ ਝੱਲਣੇ ਪੈਣ, ਪਰ ਹਰ ਹਨੇਰੇ ਵਿੱਚ ਜੁਗਨੂੰ ਬਣ ਚਾਨਣੀ ਬਿਖੇਰਦੀ ਤੇ ਮੌਤ ਤੇ ਨਿਰਾਸ਼ਾ ਦਾ ਚੱਕਰਵਿਯੂਹ ਤੋੜ ਖਰੀ ਹੋ ਨਿਤਰਦੀ ਹੈ। 'ਪਿਆਰ ਦੀ ਪਰਿਭਾਸ਼ਾ' ਵਿੱਚ :-

ਪਿਆਰ ਸ਼ਬਦ-ਸ਼ੋਰ ਵਿੱਚ ਨਹੀਂ
ਖਾਮੋਸ਼ ਅਹਿਸਾਸ ਵਿੱਚ ਵੱਸਦਾ ਹੈ।

'ਰਾਵਣ' ਕਵਿਤਾ ਵਿੱਚ ਉਸ ਵੇਲੇ ਦੇ ਰਾਵਣ ਤੇ ਵਰਤਮਾਨ ਵਿੱਦਵਾਨ ਦੀ ਤੁਲਨਾ ਕੀਤੀ ਹੈ। ਵੰਨਗੀ ਵੇਖੋ :-

ਰਾਵਣ,
ਇਕ ਸਿਰ ਵਿੱਚ,
ਦਸ ਸਿਰਾਂ ਦੀ ਸੋਚ ਰੱਖਦਾ ਸੀ !!!
... ...
ਆਪਣੇ ਦਸ ਸਿਰਾਂ ਦੀ ਸਭਾ ਵਿੱਚ,
ਕੱਥ ਮਿੱਥ ਤੋਂ ਪਾਰ-
ਉਹ ਸਵੈ-ਮੁਖਾਤਿਬ ਸੀ !!

ਤੇ ਵਿੱਦਵਾਨ ਬਾਰੇ :-



ਸਮੱਸਿਆਵਾਂ ਦੀ ਭੀੜ ਵਿੱਚ ਘਿਰਿਆ,
ਅੱਜ ਦਾ ਵਿੱਦਵਾਨ,
ਰਾਵਣ ਬਣਨਾ ਲੋਚਦਾ ਹੈ !!!
ਸੀਤਾ-ਹਰਣ ਤੋਂ ਬਿਨਾਂ,
ਉਹ,
ਹਰ ਉਪਾ ਸੋਚਦਾ ਹੈ !!!

ਰਵਿੰਦਰ ਰਵੀ ਦੇ ਕਾਵਿ ਦੀ ਖੂਬੀ ਇਹ ਹੈ ਕਿ ਅਜੋਕੇ ਮਨੁੱਖ ਦੀ ਮਾਨਸਿਕ ਸਥਿਤੀ ਕੀ ਸੋਚਦੀ ਹੈ ਉਹ ਭਲੀ ਭਾਂਤ ਜਾਣਦਾ ਹੈ। 'ਬੋਰਡਮ' ਸ਼ਬਦ ਅੱਜ ਦੇ ਮਨੁੱਖ ਨਾਲ ਜੁੜਿਆ ਜਾਪਦਾ ਹੈ ਕਿਉਂਕਿ ਮਨੁੱਖ ਆਪਣੀਆਂ ਹੀ ਉਲਝਣਾਂ ਵਿੱਚ ਮੱਕੜੀ ਵਾਂਗ ਉਲਝਿਆ ਹੈ ਤੇ ਬੋਰ ਹੋ ਰਿਹਾ ਹੈ। ਕਵੀ ਨੂੰ ਅਜੋਕਾ ਮਨੁੱਖ ਟੁੱਟਿਆ ਤੇ ਬਿਖਰਿਆ ਜਾਪਦਾ ਹੈ, ਮੁਹੱਬਤੀ ਚਿਹਰਾ ਗੁੰਮ ਲੱਗਦਾ ਹੈ।

'ਭਾਰਤ-ਪਾਕ ਅਮਨ-ਵਾਰਤਾਲਾਪ' ਕਵਿਤਾ (ਫਰਵਰੀ 26, 2019 ਨੂੰ ਬਾਲਾਕੋਟ, ਪਾਕਿਸਤਾਨ ਉੱਤੇ ਹੋਏ ਭਾਰਤੀ ਹਵਾਈ ਹਮਲੇ ਬਾਅਦ ਲਿਖੀ) ਵਿੱਚ:-

'ਭਾਰਤ-ਪਾਕ ਅਮਨ ਵਾਰਤਾਲਾਪ'
ਫਟੇ ਹੋਏ ਗੁਬਾਰੇ,
ਦਾਇਮੀ ਪੰਕਚਰ ਵਾਲੇ,
ਟਾਇਰ ਵਾਂਗ ਹੈ।
ਇਕ ਪਾਸਿਉਂ ਹਵਾ ਭਰੋ,
ਦੂਜਿਓਂ ਨਿਕਲ ਜਾਂਦੀ ਹੈ।
ਸਿਆਸੀ ਮਖੌਟੇ,
ਅਮਨ ਦੀ ਮੁਦਰਾ ਵਿੱਚ,
ਥਿਰ ਹਨ।

ਇਸੇ ਤਰ੍ਹਾਂ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਅਜੋਕੇ ਹਾਲਾਤ ਵਿੱਚ ਵਿਚਰ ਰਹੇ ਮਨੁੱਖ ਦੀ ਮਨੋਸਥਿਤੀ ਨੂੰ ਬਿਆਨ ਕਰਦੀਆਂ ਹਨ। 'ਖਪਤ ਕਲਚਰ ਦਾ ਪਿਆਰ' ਕਵਿਤਾ ਵਿੱਚ ਕਵੀ ਅਜੋਕੇ ਪਿਆਰ ਦੇ ਸੰਕਲਪ ਬਾਰੇ ਗੱਲ ਕਰਦਾ ਹੈ, ਜਿਵੇਂ ਕਿ :-

ਖਪਤ-ਕਲਚਰ ਦੇ ਪਾਠ-ਕ੍ਰਮ ਵਿੱਚ-
ਮਨ, ਪਿਆਰ ਦਾ,
ਲਾਜ਼ਮੀ ਨਹੀਂ,
ਇਖਤਿਆਰੀ ਵਿਸ਼ਾ ਹੈ !!!

ਬਰਫ ਦੇ ਮਨੁੱਖ ਕਵਿਤਾ ਵਿੱਚ ਕਵੀ ਦੱਸਦਾ ਹੈ ਜਿਵੇਂ ਕਿ :-

ਬਰਫ਼ ਦੇ ਘਰ ਦੇ ਸੋਹੇਂ,
ਬਰਫ਼ ਦਾ ਮਨੁੱਖ ਖੜ੍ਹਾ ਹੈ !
ਇਹ ਦੋਵੇਂ, ਮਨੁੱਖ ਦੇ
ਹੱਥਾਂ ਦਾ ਕਮਾਲ ਹਨ।
ਕਲਾਕਾਰ ਦੀ ਕਲਾ ਵਿੱਚ,
ਯੁੱਗ ਦੇ ਸਵਾਲ ਹਨ !!!
ਅੱਜ ਦੇ ਸਮੇਂ ਵਿੱਚ ਇਨਸਾਨ ਅਹਿਸਾਸਹੀਣ ਹੈ।

ਜ਼ਿੰਦਗੀ : ਇਕ ਫਿਲਮ ਦੀ ਤਰ੍ਹਾਂ ਹੈ ਜੋ ਆਦਿ-ਕਾਲ ਤੋਂ ਨਿਰੰਤਰ ਚੱਲ ਰਹੀ ਹੈ ਤੇ ਜਿਸ ਦੇ ਪਾਤਰ ਹੀ ਉਸ ਦੇ ਦਰਸ਼ਕ ਵੀ ਹਨ।

ਰਵਿੰਦਰ ਰਵੀ ਜਿਨ੍ਹਾਂ ਨੇ ਸਾਹਿਤ ਦੀ ਚੱਲੀ ਆ ਰਹੀ ਰਵਾਇਤੀ ਪਰੰਪਰਾ ਨੂੰ ਪਿੱਛੇ ਛੱਡ, ਪ੍ਰਯੋਗਸ਼ੀਲ ਲਹਿਰ ਦਾ ਮੁੱਢ ਬੰਨ੍ਹਿਆ, ਉਨ੍ਹਾਂ ਨੇ ਮਨੁੱਖ ਦੀ ਸੋਚ ਦੀਆਂ ਪਰਤਾਂ ਨੂੰ ਵੀ ਖੋਲ੍ਹਿਆ ਹੈ। ਉਹਨਾਂ ਦੀ ਸਾਹਿਤਕ ਦੇਣ ਬਾਰੇ ਜੇਕਰ ਵੇਖਿਆ ਜਾਵੇ ਤਾਂ ਉਹਨਾਂ ਨੇ ਸਾਹਿਤ ਦੇ ਹਰ ਰੂਪ ਵਿੱਚ, ਨਵੇਂ ਨਵੇਂ ਪ੍ਰਯੋਗ ਕਰਕੇ ਇਕ ਨਿਵੇਕਲੀ ਸੰਸਥਾ ਬਣ ਕੇ ਆਉਣ ਵਾਲੀ ਪੀੜ੍ਹੀ ਲਈ ਇਕ ਚਾਨਣ ਮੁਨਾਰੇ ਦਾ ਪ੍ਰਤੀਕ ਹਨ। ਹਰ ਸਾਲ ਨਿਰੰਤਰ ਸਾਹਿਤ ਦੀ ਝੋਲੀ ਵਿੱਚ ਆਪਣੇ ਸਾਹਿਤਕ ਮੋਤੀ ਭਰ ਕੇ ਹੋਰ ਅਮੀਰ ਬਣਾ ਰਹੇ ਹਨ।

"ਪਾਰ ਗਾਥਾ" ਕਾਵਿ-ਸੰਗ੍ਰਹਿ 2020 ਵਿੱਚ ਰਵਿੰਦਰ ਰਵੀ ਦੇ ਜੀਵਨ ਬਿਉਰੇ, ਅੰਤਿਕਾ ਵਿਚ ਉਹਨਾ ਦੀਆਂ ਸਾਰੀਆਂ ਰਚਨਾਵਾਂ ਦੇ ਵੇਰਵੇ, ਉਹਨਾਂ ਦੇ ਸਾਹਿਤ ਉੱਤੇ ਆਲੋਚਨਾਤਮਕ ਪੁਸਤਕਾਂ, ਪੀ.ਐਚ.ਡੀ. ਪੱਧਰ ਦੇ ਖੋਜ ਕਾਰਜ, ਐਮ.ਫਿਲ., ਐਮ.ਏ. ਦਾ ਖੋਜ ਕਾਰਜ, ਪੁਰਸਕਾਰਾਂ, ਸਨਮਾਨਾਂ ਦਾ ਵੇਰਵਾ ਤੇ ਉਹਨਾਂ ਤੋਂ ਇਲਾਵਾ ਪੁਸਤਕ ਦਰਸ਼ਨ ਦੇ ਭਾਗ ਵਿੱਚ "ਮੈਂ-ਕਾਲ : ਤ੍ਰੈਕਾਲ" ਕਾਵਿ ਸੰਗ੍ਰਹਿ ਬਾਰੇ ਅਵਤਾਰ ਜੌੜਾ ਵੱਲੋਂ ਰੀਵੀਊ, ਹਰਸ਼ਰਨ ਕੌਰ ਵੱਲੋਂ ਰੀਵੀਊ ਅਤੇ ਡਾਕਟਰ ਮੁਹੰਮਦ ਅਯੂਬ ਵੱਲੋਂ ਰਵਿੰਦਰ ਰਵੀ ਦੀਆਂ ਨਜ਼ਮਾਂ ਉੱਤੇ ਇਕ ਝਾਤ-'ਨਵੀਂ ਸਦੀ ਦੀ ਨਵੀਂ ਨਸਲ' ਦੇ ਹਵਾਲੇ ਨਾਲ ਸਭ ਦਰਜ਼ ਹੈ।

ਅੰਤ ਵਿੱਚ ਮੈਂ ਰਵਿੰਦਰ ਰਵੀ ਜੀ ਨੂੰ ਉਨ੍ਹਾਂ ਦੀ ਸਾਹਿਤ ਵਿੱਚ ਨਿਰੰਤਰ ਗਿਣਤੀ ਦੇ ਪੱਖੋਂ ਤੇ ਗੁਣਾਤਮਕ ਪੱਖੋਂ ਸ਼ਲਾਘਾਯੋਗ ਦੇਣ ਲਈ ਆਪਣੀਆਂ ਸ਼ੁਭ ਕਾਮਨਾਵਾਂ ਦੇ ਨਾਲ ਢੇਰ ਮੁਬਾਰਕ ਭੇਜਦੀ ਹਾਂ ਅਤੇ ਇਸ "ਪਾਰ ਗਾਥਾ" ਕਾਵਿ ਸੰਗ੍ਰਹਿ ਨੂੰ ਪੰਜਾਬੀ ਸਾਹਿਤ ਨੂੰ ਹੋਰ ਅਮੀਰ ਕਰਨ ਲਈ ਜੀ ਆਇਆਂ ਆਖਦੀ ਹਾਂ।

14.3.2020 **ਹਰਸ਼ਰਨ ਕੌਰ**

"ਫੇਸਬੁੱਕ" ਉੱਤੇ 5 ਮਾਰਚ, 2020 ਨੂੰ ਪੋਸਟ ਕੀਤਾ ਗਿਆ।



# ਮੇਰੇ ਕਾਵਿ-ਨਾਟਕ-5

"ਮੇਰੇ ਕਾਵਿ-ਨਾਟਕ-5", ਸੈਂਚੀ ਪੰਜਵੀਂ, ਰਵਿੰਦਰ ਰਵੀ ਦੇ ਨਾਟਕਾਂ ਦੀ ਪੁਸਤਕਾਂ ਹੈ, ਜਿਸ ਵਿੱਚ ਲੇਖਕ ਨੇ ਆਪਣੀਆਂ ਤਿੰਨ ਨਾਟ-ਪੁਸਤਕਾਂ ਵਿੱਚ ਛਪੇ, ਆਪਣੇ ਚਾਰ ਨਾਟਕ, 'ਆਪੋ ਆਪਣੇ ਦਰਿਆ', 'ਹੋਂਦ ਨਿਹੋਂਦ' ਅਤੇ 'ਪਰਤੱਖ ਤੋਂ ਅਗਾਂਹ' (ਜਿਸ ਵਿੱਚ 2 ਨਾਟਕ : 'ਭਰਮ ਜਲ' ਤੇ 'ਸਿਆਸੀ ਦੰਦ-ਕਥਾ' ਦਿੱਤੇ ਗਏ ਹਨ) ਸ਼ਾਮਿਲ ਕੀਤੇ ਹਨ।

ਇਹ ਨਾਟਕ ਭਾਰਤ ਦੇ ਰੰਗਕਰਮੀਆਂ ਵਲੋਂ ਬਹੁਤ ਹੀ ਸਫਲਤਾ ਸਹਿਤ ਭਾਰਤ ਵਿੱਚ ਖੇਡੇ ਜਾ ਚੁੱਕੇ ਹਨ। ਇਨ੍ਹਾਂ ਨਾਟਕਾਂ ਦੇ ਪੜ੍ਹਨ ਉਪਰੰਤ ਇਹ ਗੱਲ ਸਾਮ੍ਹਣੇ ਆਉਂਦੀ ਹੈ ਕਿ ਰਵਿੰਦਰ ਰਵੀ ਆਧੁਨਿਕ ਯੁੱਗ-ਚੇਤਨਾ ਦਾ ਲੇਖਕ ਹੈ। ਉਸਦੀਆਂ ਕਵਿਤਾਵਾਂ, ਕਹਾਣੀਆਂ ਤੇ ਨਾਟਕਾਂ ਵਿੱਚ ਉਸਦੀ ਇਸ ਉੱਤਰ-ਆਧੁਨਿਕ ਚੇਤਨਾ ਦੇ ਝਲਕਾਰੇ ਮਿਲਦੇ ਹਨ।

'ਆਪੋ ਆਪਣੇ ਦਰਿਆ' ਵਿੱਚ ਲੇਖਕ ਆਧੁਨਿਕ ਜੀਵਨ ਦੇ ਜੱਟਿਲ ਵਰਤਾਰਿਆਂ ਤੇ ਵਿਸੰਗਤੀਆਂ ਨੂੰ ਆਪਣੇ ਨਾਟਕ ਵਿੱਚ ਪੇਸ਼ ਕਰਦਾ ਹੈ। ਇਹ ਨਾਟਕ ਅਜੋਕੇ ਜੀਵਨ ਵਿੱਚ ਵਿਚਰ ਰਹੇ ਮਨੁੱਖ ਦੇ ਜੀਵਨ ਸੱਚ ਨੂੰ ਆਪਣੇ ਵਸਤੂ ਵਜੋਂ ਪੇਸ਼ ਕਰਦਾ ਹੈ। ਟੁੱਟ ਰਹੇ ਪਰਿਵਾਰਾਂ ਵਿਚਲੇ ਤਿੜਕਦੇ ਮਾਨਵੀ ਰਿਸ਼ਤਿਆਂ, ਨੈਤਿਕ ਮੁੱਲਾਂ ਵਿੱਚ ਟਕਰਾਅ, ਅਜੋਕੀ ਜੀਵਨ-ਸ਼ੈਲੀ, ਧਰਮ ਆਦਿ ਦੇ ਸੰਕਟ, ਇਸ ਨਾਟਕ ਵਿੱਚ ਦੇਖਣ ਨੂੰ ਮਿਲਦੇ ਹਨ। ਇਸੇ ਤਰ੍ਹਾਂ 'ਹੋਂਦ ਨਿਹੋਂਦ' ਵਿੱਚ ਲੇਖਕ ਨੇ ਆਧੁਨਿਕ ਮਾਨਵ ਦੇ ਅਸਤਿਤਵੀ ਸੰਕਟਾਂ ਨੂੰ ਆਪਣੇ ਨਾਟਕ ਦੇ ਮੂਲ ਵਿਸ਼ੇ ਵਜੋਂ ਚਿਤਰਿਆ ਹੈ। ਅਜੋਕਾ ਮਾਨਵ ਆਪਣੀ ਹੋਂਦ ਦੀ ਤਲਾਸ਼ ਵਿੱਚ ਭਟਕ ਰਿਹਾ ਹੈ ਪਰ ਉਸਨੂੰ ਕਿਧਰੇ ਵੀ ਸਕੂਨ ਪ੍ਰਾਪਤ ਨਹੀਂ ਹੋ ਰਿਹਾ:

ਬਾਹਰ ਵੀ ਤੁਰਿਆ ਨਹੀਂ ਜਾਂਦਾ
ਅੰਦਰ ਵੀ ਮੁੜਿਆ ਨਹੀਂ ਜਾਂਦਾ

ਇਸ ਹੋਂਦ ਨਿਹੋਂਦ ਦੀ ਟੱਕਰ ਵਿੱਚ
ਇਕ ਕੈਸੀ ਰੁੱਤ ਖਲਾਈ ਹੈ ?

ਖਲਾਅ ਵਿੱਚ ਭਟਕਦੇ ਇਸ ਨਾਟਕ ਦੇ ਪਾਤਰ ਆਪਣੇ ਅਸਤਿੱਤਵ ਦੀ ਤਲਾਸ਼ ਵਿੱਚ ਅਜੋਕੇ ਯੁੱਗ ਚਿੰਤਕਾਂ ਦੀ ਦ੍ਰਿਸ਼ਟੀ ਦੇ ਪਰਿਪੇਖ ਵਿੱਚ ਮਾਨਵ ਜਾਤੀ ਨੂੰ ਸਮਝਣ ਦਾ ਉਪਰਾਲਾ ਕਰਦੇ ਹਨ। ਇਸੇ ਤਰ੍ਹਾਂ 'ਭਰਮ ਜਲ' ਨਾਟਕ ਔਰਤ-ਮਰਦ ਰਿਸ਼ਤਿਆਂ ਵਿਚਲੀਆਂ ਗੁੰਝਲਾਂ ਨੂੰ ਰੂਪਮਾਨ ਕਰਦਾ ਹੈ ਅਤੇ 'ਸਿਆਸੀ ਦੰਦ-ਕਥਾ' ਸੰਨ ਚੁਰਾਸੀ ਵਿੱਚ ਹੋਏ ਸਿੱਖ ਕਤਲੇਆਮ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਚਿਤਰਦਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਵਿੰਦਰ ਰਵੀ ਆਧੁਨਿਕ ਯੁੱਗ-ਚਿੰਤਨ ਦਾ ਲੇਖਕ ਹੈ। ਉਸ ਕੋਲ ਆਪਣੇ ਸਮਕਾਲੀਆਂ ਨਾਲੋਂ ਵੱਖਰੀ ਦ੍ਰਿਸ਼ਟੀ ਹੈ, ਜਿਸ ਰਾਹੀਂ ਸਮਕਾਲੀਨ ਸੰਕਟਾਂ ਨੂੰ ਫੜਦਾ, ਸਮਝਦਾ ਅਤੇ ਆਪਣੇ ਨਾਟਕਾਂ ਵਿੱਚ ਬਿਆਨ ਕਰਦਾ ਹੈ। ਸਿਰਫ ਸਾਹਿਤਕ ਪੱਖ ਤੋਂ ਹੀ ਨਹੀਂ ਸਗੋਂ ਮੰਚਨ ਦੇ ਪੱਖ ਤੋਂ ਵੀ ਉਸਦੇ ਨਾਟਕ ਆਧੁਨਿਕ ਤਕਨੀਕਾਂ ਨੂੰ ਮੁੱਖ ਰੱਖਕੇ ਲਿਖੇ ਗਏ ਹਨ। ਰਵਿੰਦਰ ਰਵੀ ਦੇ ਨਾਟਕਾਂ ਨਾਲ ਪੰਜਾਬੀ ਨਾਟਕ ਵਿਸ਼ਵ ਚਿੰਤਨ ਨਾਲ ਆਪਣਾ ਨਾਤਾ ਜੋੜਦਾ ਹੈ, ਜਿਸ ਲਈ ਲੇਖਕ ਵਧਾਈ ਦਾ ਹੱਕਦਾਰ ਹੈ।

ਪੁਸਤਕ : ਮੇਰੇ ਕਾਵਿ-ਨਾਟਕ-5 ਲੇਖਕ : ਰਵਿੰਦਰ ਰਵੀ
ਮੁੱਲ : 750 ਰੁਪਏ ਸਫੇ : 520
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ - ਫੋਨ : 011-45555610

**ਡਾ. ਅਮਰਜੀਤ ਕੌਂਕੇ**
'ਅਜੀਤ', ਜਲੰਧਰ, ਭਾਰਤ-ਦਸੰਬਰ 19, 2020